Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 113 09/09/2025 www.samajweekly.com samajweekly @samajweekly samajweekly

# ਪੰਜਾਬ ਕੈਬਨਿਟ ਵੱਲੋਂ 'ਜਿਸ ਦਾ ਖੇਤ, ਉਸ ਦਾ ਰੇਤ' ਨੂੰ ਹਰੀ ਝੰਡੀ

## ਹੜ੍ਹਾਂ ਦੇ ਝੰਬੇ ਕਿਸਾਨਾਂ ਨੂੰ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਵੇਗੀ ਸਰਕਾਰ



**ਚੰਡੀਗੜ੍ਹ:** ਇੱਕ ਇਤਿਹਾਸਕ ਫੈਸਲੇ ਵਿੱਚ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਕੈਬਨਿਟ ਨੇ ਅੱਜ 'ਜਿਸਕਾ ਖੇਤ, ਉਸਕੀ ਰੀਤ' ਦੀ ਲੋਕ-ਪੱਖੀ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਦੇ ਤਹਿਤ, ਕਿਸਾਨਾਂ ਨੂੰ ਇੱਕ ਵਿਸ਼ੇਸ਼ ਮੌਕਾ ਪ੍ਰਦਾਨ ਕਰਕੇ, ਵਿਨਾਸ਼ਕਾਰੀ ਹੜ੍ਹਾਂ ਕਾਰਨ ਆਪਣੇ ਖੇਤਾਂ ਵਿੱਚ ਜਮ੍ਹਾਂ ਹੋਈ ਰੇਤ ਅਤੇ ਮਿੱਟੀ ਕੱਢਣ ਦੀ ਇਜਾਜ਼ਤ ਦਿੱਤੀ ਜਾਵੇਗੀ ਅਤੇ ਜੇਕਰ ਉਹ ਚਾਹੁਣ ਤਾਂ ਇਸਨੂੰ ਵੇਚਣ ਦੀ ਵੀ ਇਜਾਜ਼ਤ ਦਿੱਤੀ ਜਾਵੇਗੀ। ਇਸ ਸਬੰਧੀ ਫੈਸਲਾ ਅੱਜ ਸਵੇਰੇ ਮੁੱਖ ਮੰਤਰੀ ਦੀ ਅਗਵਾਈ ਹੇਠ ਉਨ੍ਹਾਂ ਦੇ ਸਰਕਾਰੀ ਨਿਵਾਸ ਸਥਾਨ 'ਤੇ ਹੋਈ ਕੈਬਨਿਟ ਮੀਟਿੰਗ ਦੌਰਾਨ ਲਿਆ ਗਿਆ। ਮੁੱਖ ਮੰਤਰੀ ਨੇ ਇਸ ਮੀਟਿੰਗ ਵਿੱਚ ਫੋਰਟਿਸ ਹਸਪਤਾਲ, ਮੋਹਾਲੀ ਤੋਂ ਵਰਚੁਅਲ ਤੌਰ 'ਤੇ ਹਿੱਸਾ ਲਿਆ, ਜਿੱਥੇ ਉਹ ਇਲਾਜ ਲਈ ਦਾਖਲ ਹਨ। ਮੁੱਖ ਮੰਤਰੀ ਦਫ਼ਤਰ ਦੇ ਇੱਕ ਬੁਲ-ਾਰੇ ਨੇ ਦੱਸਿਆ ਕਿ ਹੜ੍ਹਾਂ ਕਾਰਨ ਪਾਣੀ ਦੀ ਮਾਰ ਹੇਠ ਆਏ ਖੇਤਾਂ ਵਿੱਚ ਰੇਤ ਅਤੇ ਮਿੱਟੀ ਇਕੱਠੀ ਹੋ ਗਈ ਹੈ। ਇਨ੍ਹਾਂ ਖੇਤਾਂ ਦੇ ਕਿਸਾਨਾਂ ਨੂੰ ਵੱਡੀ ਰਾਹਤ ਦੇਣ ਲਈ, ਇਹ ਫੈਸਲਾ ਕੀਤਾ ਗਿਆ ਕਿ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚ ਜਮ੍ਹਾਂ ਹੋਈ ਰੇਤ ਅਤੇ ਮਿੱਟੀ ਕੱਢਣ ਦੀ ਇਜਾਜ਼ਤ ਦਿੱਤੀ ਜਾਵੇਗੀ ਅਤੇ ਜੇਕਰ ਉਹ ਚਾਹੁਣ ਤਾਂ ਇਸਨੂੰ ਵੇਚ ਵੀ ਸਕਣਗੇ। 'ਜਿਸਕਾ ਖੇਤ, ਉਸਕੀ ਰੀਤ' ਨੀਤੀ ਦੇ ਤਹਿਤ, ਸਾਰੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਕਿਸਾਨਾਂ ਨੂੰ ਇਸ ਸਾਲ 31 ਦਸੰਬਰ ਤੱਕ ਬਿਨਾਂ ਕਿਸੇ ਪਰਮਿਟ ਦੇ ਆਪਣੀ ਜ਼ਮੀਨ ਤੋਂ ਰੇਤ ਕੱਢਣ ਦੀ ਇਜਾਜ਼ਤ ਹੋਵੇਗੀ।

ਇਸ ਨੂੰ ਖੇਤੀਯੋਗ ਜ਼ਮੀਨ ਤੋਂ ਮਿੱਟੀ/ਰੇਤ/ਨਦੀ ਜਮ੍ਹਾ ਸਮੱਗਰੀ ਨੂੰ ਹਟਾਉਣ ਲਈ ਇੱਕ ਵਾਰ ਦਾ ਮੌਕਾ ਮੰਨਿਆ ਜਾਵੇਗਾ ਪਰ ਇਸਨੂੰ ਮਾਈਨਿੰਗ ਸਮੱਗਰੀ ਨਹੀਂ ਮੰਨਿਆ ਜਾਵੇਗਾ। ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਜ਼ਿਲ੍ਹੇ ਦੇ ਪ੍ਰਭਾਵਿਤ ਪਿੰਡਾਂ ਦੀ ਸੂਚੀ ਦਾ ਐਲਾਨ ਕਰਨਗੇ ਜਿੱਥੇ ਹੜ੍ਹਾਂ ਕਾਰਨ ਜਮ੍ਹਾ ਹੋਈ ਰੇਤ ਜਾਂ ਗਾਦ ਤੋਂ ਪ੍ਰਭਾਵਿਤ ਕਿਸਾਨਾਂ/ਕਾਸ਼ਤਾਂ/ਕਿਸਾਨ ਸਮੂਹਾਂ ਦੁਆਰਾ ਮਿੱਟੀ/ਰੇਤ/ਨਦੀ ਜਮ੍ਹਾ ਸਮੱਗਰੀ ਨੂੰ ਹਟਾਉਣ ਅਤੇ ਢੋਆ-ਢੁਆਈ ਕੀਤੀ ਜਾ ਸਕਦੀ ਹੈ। ਹਾਲ ਹੀ ਵਿੱਚ ਆਏ ਹੜ੍ਹਾਂ ਦੇ ਪ੍ਰਭਾਵ ਨੂੰ ਘਟਾਉਣ ਲਈ, ਸਾਰੇ ਜ਼ਿਲ੍ਹਾ ਮਾਈਨਿੰਗ ਅਫ਼ਸਰਾਂ ਦੇ ਨਾਲ-ਨਾਲ ਜ਼ਿਲ੍ਹਾ ਅਤੇ ਉਪ-ਮੰਡਲ ਪੱਧਰੀ ਨਿਗਰਾਨੀ ਕਮੇਟੀਆਂ ਪ੍ਰਭਾਵਿਤ ਖੇਤਾਂ ਤੋਂ ਮਿੱਟੀ/ਰੇਤ/ਨਦੀ ਜਮ੍ਹਾ ਸਮੱਗਰੀ ਨੂੰ ਹਟਾਉਣ ਅਤੇ ਢੋਆ-ਢੁਆਈ ਵਿੱਚ ਸਹਿਯੋਗ ਕਰਨਗੀਆਂ ਬਿਨਾਂ ਜ਼ਮੀਨ ਦੀ ਅਸਲ ਸਤ੍ਹਾ ਨੂੰ ਵਿਗਾੜੇ। ਫਸਲਾਂ ਦੇ ਨੁਕਸਾਨ ਦੀ ਭਰਪਾਈ ਲਈ, ਮੰਤਰੀ ਮੰਡਲ ਨੇ ਫੈਸਲਾ ਕੀਤਾ ਕਿ ਪੰਜਾਬ ਸਰਕਾਰ ਰੁਪਏ ਦਾ ਮੁਆਵਜ਼ਾ ਦੇਵੇਗੀ। 20,000 ਰੁਪਏ ਪ੍ਰਤੀ ਏਕੜ, ਜੋ ਕਿ ਨਾ ਸਿਰਫ਼ ਪੰਜਾਬ ਸਗੋਂ ਪੂਰੇ ਦੇਸ਼ ਵਿੱਚ ਹੁਣ ਤੱਕ ਦਾ ਸਭ ਤੋਂ ਵੱਧ ਮੁਆਵਜ਼ਾ ਹੈ। ਗੰਭੀਰ ਸੰਕਟ ਵਿੱਚ ਫਸੇ ਕਿਸਾਨਾਂ ਨੂੰ ਬਾਹਰ ਕੱਢਣ ਲਈ, ਸੂਬਾ ਸਰਕਾਰ ਨੇ ਇਹ ਮਹੱਤਵਪੂਰਨ ਫੈਸਲਾ ਲਿਆ ਹੈ ਤਾਂ ਜੋ ਕਿਸਾਨਾਂ ਨੂੰ ਲੋੜੀਂਦੀ ਰਾਹਤ ਦਿੱਤੀ ਜਾ ਸਕੇ।

# ਨੇਪਾਲ ’ਚ ਸੋਸ਼ਲ ਮੀਡੀਆ ’ਤੇ ਪਾਬੰਦੀ ਖ਼ਿਲਾਫ਼ ਹਿੰਸਾ ’ਚ 14 ਹਲਾਕ



**ਕਾਠਮੰਡੂ।** ਨੇਪਾਲ ਸਰਕਾਰ ਵੱਲੋਂ ਸੋਸ਼ਲ ਮੀਡੀਆ ਸਾਈਟਾਂ ’ਤੇ ਪਾਬੰਦੀ ਲਗਾਉਣ ਦੇ ਵਿਰੋਧ ’ਚ ਨੌਜਵਾਨਾਂ ਵੱਲੋਂ ਕਾਠਮੰਡੂ ਅਤੇ ਹੋਰ ਇਲਾਕਿਆਂ ’ਚ ਕੀਤੇ ਗਏ ਹਿੰਸਕ ਪ੍ਰਦਰਸ਼ਨਾਂ ’ਚ 14 ਵਿਅਕਤੀ ਮਾਰੇ ਗਏ ਅਤੇ ਕਈ ਹੋਰ ਜ਼ਖ਼ਮੀ ਹੋ ਗਏ। ਹਾਲਾਤ ’ਤੇ ਕਾਬੂ ਪਾਉਣ ਲਈ ਅਧਿਕਾਰੀਆਂ ਨੇ ਫ਼ੌਜ ਤਾਇਨਾਤ ਕਰ ਦਿੱਤੀ ਹੈ। ਕਾਠਮੰਡੂ ਸਮੇਤ ਕਈ ਹੋਰ ਇਲਾਕਿਆਂ ’ਚ ਕਰਫਿਊ ਲਗਾ ਦਿੱਤਾ ਗਿਆ ਹੈ। ਉਂਝ ਸਰਕਾਰ ਨੇ ਮੌਤਾਂ ਦੀ ਗਿਣਤੀ ਸਬੰਧੀ ਕੋਈ ਪੁਸ਼ਟੀ ਨਹੀਂ ਕੀਤੀ ਹੈ ਪਰ ਵੱਖ ਵੱਖ ਮੀਡੀਆ ਰਿਪੋਰਟਾਂ ’ਚ ਦਾਅਵਾ ਕੀਤਾ ਗਿਆ ਹੈ ਕਿ ਹਿੰਸਾ ’ਚ 14 ਵਿਅਕਤੀ ਮਾਰੇ ਗਏ ਹਨ। ਸਕੂਲ ਵਿਦਿਆਰਥੀਆਂ ਸਮੇਤ ਹਜ਼ਾਰਾਂ ਨੌਜਵਾਨ ‘ਜੈੱਨ ਜ਼ੈੱਡ’ ਦੇ ਬੈਨਰ ਹੇਠ ਸੰਸਦ ਦੀ ਇਮਾਰਤ ਅੱਗੇ ਦੰਗਾ ਰੋਕੂ ਪੁਲੀਸ ਨਾਲ ਭਿੜ ਗਏ। ਪ੍ਰਤੱਖਦਰਸ਼ੀਆਂ ਨੇ ਕਿਹਾ ਕਿ ਪ੍ਰਦਰਸ਼ਨ ਉਸ ਸਮੇਂ ਹਿੰਸਕ ਹੋ ਗਏ ਜਦੋਂ ਕੁਝ ਨੌਜਵਾਨਾਂ ਨੇ ਸੰਸਦੀ ਕੰਪਲੈਕਸ ’ਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ। ਪੁਲੀਸ ਨੇ ਭੀੜ ਨੂੰ ਖਿੰਡਾਉਣ ਲਈ ਲਾਠੀਚਾਰਜ ਕੀਤਾ, ਹੰਝੂ ਗੈਸ ਦੇ ਗੋਲੇ ਦਾਗ਼ੇ ਅਤੇ ਰਬੜ ਦੀਆਂ ਗੋਲੀਆਂ ਚਲਾਈਆਂ। ਨੇਪਾਲ ਪੁਲੀਸ ਦੇ ਤਰਜਮਾਨ ਨੇ ਕਿਹਾ ਕਿ ਸੁਰੱਖਿਆ ਬਲਾਂ ਦੇ ਜਵਾਨਾਂ ਸਮੇਤ 42 ਵਿਅਕਤੀ ਜ਼ਖ਼ਮੀ ਹੋਏ ਹਨ ਜਿਨ੍ਹਾਂ ਦਾ ਕਾਠਮੰਡੂ ਦੇ ਸਿਵਲ ਹਸਪਤਾਲ ’ਚ ਇਲਾਜ ਚੱਲ ਰਿਹਾ ਹੈ। ਕਾਠਮੰਡੂ ਜ਼ਿਲ੍ਹਾ ਪ੍ਰਸ਼ਾਸਨ ਨੇ ਗੜਬੜ ’ਤੇ ਕਾਬੂ ਪਾਉਣ ਲਈ ਸੰਸਦ ਦੀ ਇਮਾਰਤ ਨੇੜਲੇ ਇਲਾਕਿਆਂ ’ਚ ਬਾਅਦ ਦੁਪਹਿਰ ਸਾਢੇ 12 ਵਜੇ ਤੋਂ ਰਾਤ 10 ਵਜੇ ਤੱਕ ਲਈ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਬਾਅਦ ’ਚ ਪ੍ਰਸ਼ਾਸਨ ਨੇ ਪਾਬੰਦੀ ਦੇ ਹੁਕਮ ਰਾਸ਼ਟਰਪਤੀ ਭਵਨ, ਉਪ ਰਾਸ਼ਟਰਪਤੀ ਦੀ ਰਿਹਾਇਸ਼ ਅਤੇ ਪ੍ਰਧਾਨ ਮੰਤਰੀ ਦੇ ਦਫ਼ਤਰ ਵਾਲੇ ਇਲਾਕਿਆਂ ’ਚ ਵੀ ਲਾਗੂ ਕਰ ਦਿੱਤੇ। ਨੇਪਾਲ ਸਰਕਾਰ ਨੇ 4 ਸਤੰਬਰ ਨੂੰ ਫੇਸਬੁੱਕ, ਵਟਸਐਪ ਅਤੇ ਐਕਸ ਸਮੇਤ 26 ਸੋਸ਼ਲ ਮੀਡੀਆ ਸਾਈਟਾਂ ’ਤੇ ਪਾਬੰਦੀ ਲਗਾ ਦਿੱਤੀ ਸੀ ਜੋ ਲਾਜ਼ਮੀ ਰਜਿਸਟਰੇਸ਼ਨ ਪ੍ਰਕਿਰਿਆ ਦਾ ਪਾਲਣ ਨਹੀਂ ਕਰਦੀਆਂ ਸਨ। ਸਰਕਾਰ ਨੇ ਆਪਣਾ ਸਟੈਂਡ ਸਪੱਸ਼ਟ ਕਰਦਿਆਂ ਕਿਹਾ ਹੈ ਕਿ ਸੋਸ਼ਲ ਮੀਡੀਆ ਸਾਈਟਾਂ ’ਤੇ ਪਾਬੰਦੀ ਉਨ੍ਹਾਂ ਨੂੰ ਨਿਯਮਤ ਕਰਨ ਲਈ ਲਾਈ ਗਈ ਹੈ ਪਰ ਲੋਕਾਂ ’ਚ ਧਾਰਨਾ ਬਣ ਗਈ ਕਿ ਇਹ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ’ਤੇ ਹਮਲਾ ਹੋਵੇਗਾ ਅਤੇ ਫਿਰ ਸੈਂਸਰਸ਼ਿਪ ਵੀ ਲੱਗ ਸਕਦੀ ਹੈ।

# ਆਧਾਰ ਕਾਰਡ ਨੂੰ 12ਵੇਂ ਦਸਤਾਵੇਜ਼ ਦੇ ਰੂਪ ਵਿੱਚ ਕੀਤਾ ਜਾਵੇ ਸਵੀਕਾਰ: ਸੁਪਰੀਮ ਕੋਰਟ

**ਨਵੀਂ ਦਿੱਲੀ/ਪਟਨਾ:** ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘਾਈ ਨਾਲ ਸਮੀਖਿਆ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਇੱਕ ਖਾਸ ਨਿਰਦੇਸ਼ ਦਿੱਤਾ ਹੈ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਭਾਰਤੀ ਚੋਣ ਕਮਿਸ਼ਨ ਨੂੰ ਨਿਰਦੇਸ਼ ਦਿੱਤਾ ਕਿ ਉਹ ਆਧਾਰ ਕਾਰਡ ਨੂੰ 'ਬਾਹਰਵਾਂ ਦਸਤਾਵੇਜ਼' ਮੰਨੇ। ਜਿਸ ਨੂੰ ਬਿਹਾਰ ਦੀ ਸੋਧੀ ਹੋਈ ਵੋਟਰ ਸੂਚੀ ਵਿੱਚ ਸ਼ਾਮਲ ਹੋਣ ਲਈ ਪਛਾਣ ਦੇ ਸਬੂਤ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਸੁਪਰੀਮ ਕੋਰਟ ਨੇ ਇਹ ਵੀ ਸਾਫ ਕੀਤਾ ਕਿ ਅਧਾਰ ਨਾਗਰਿਕਤਾ ਦਾ ਸਬੂਤ ਨਹੀਂ ਹੈ। ਸੁਪਰੀਮ ਕੋਰਟ ਦੇ ਜਸਟਿਸ ਸੂਰਿਆਕਾਂਤ ਅਤੇ ਜਸਟਿਸ ਜਾਯਮਾਲਿਆ ਬਾਗਚੀ ਦੀ ਬੈਂਚ ਨੇ ਮਾਮਲੇ ਦੀ ਸੁਣਵਾਈ ਕੀਤੀ।ਸੁਣਵਾਈ ਕਰਦੇ ਹੋਏ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਨਿਰਦੇਸ਼ ਦਿੱਤਾ ਕਿ ਉਹ ਆਪਣੇ ਅਧਿਕਾਰੀਆਂ ਨੂੰ ਹੁਕਮ ਜਾਰੀ ਕਰੇ ਕਿ ਅਧਾਰ ਨੂੰ ਪਛਾਣ



ਦੇ ਸਬੂਤ ਵਜੋਂ ਸਵੀਕਾਰ ਕੀਤਾ ਜਾਵੇ। ਅਧਿਕਾਰੀਆਂ ਨੂੰ ਅਧਾਰ ਕਾਰਡ ਦੀ ਪ੍ਰਮਾਣਿਕਤਾ ਅਤੇ ਅਸਲੀਅਤ ਦੀ ਜਾਂਚ ਕਰਨ ਦਾ ਅਧਿਕਾਰ ਹੋਵੇਗਾ। ਸੁਪਰੀਮ ਕੋਰਟ ਵਿੱਚ ਆਰਜੇਡੀ ਵੱਲੋਂ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਦਲੀਲ ਦਿੱਤੀ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਪਹਿਲਾਂ ਦੇ ਹੁਕਮਾਂ ਦੇ ਬਾਵਜੂਦ ਚੋਣ ਰਜਿਸਟਰੇਸ਼ਨ ਅਧਿਕਾਰੀ ਅਤੇ ਬੀਐਲਓ ਅਧਾਰ ਨੂੰ ਇੱਕੋ ਇੱਕ ਦਸਤਾਵੇਜ਼ ਵਜੋਂ ਸਵੀਕਾਰ ਨਹੀਂ ਕਰ ਰਹੇ ਹਨ। ਸਿੱਬਲ ਨੇ ਅਦਾਲਤ ਵਿੱਚ ਉਨ੍ਹਾਂ ਵੋਟਰਾਂ ਦੇ ਹਲਫਨਾਮੇ ਵੀ ਦਾਇਰ ਕੀਤੇ, ਜਿਨ੍ਹਾਂ ਦੇ ਅਧਾਰ ਨੂੰ ਸਵੀਕਾਰ ਨਹੀਂ ਕੀਤਾ ਗਿਆ ਸੀ। ਜਸਟਿਸ ਬਾਗਚੀ ਨੇ ਕਿਹਾ ਕਿ ਕਮਿਸ਼ਨ ਦੀ ਸੂਚੀ ਵਿੱਚ ਸ਼ਾਮਲ 11 ਦਸਤਾਵੇਜ਼ਾਂ ਵਿੱਚੋਂ ਸਿਰਫ ਪਾਸਪੋਰਟ ਅਤੇ ਜਨਮ ਸਰਟੀਫਿਕੇਟ ਹੀ ਨਾਗਰਿਕਤਾ ਦਾ ਸਬੂਤ ਹਨ, ਬਾਕੀ ਕੋਈ ਵੀ ਨਾਗਰਿਕਤਾ ਸਾਬਤ ਨਹੀਂ ਕਰਦਾ।

## ਲਾਲ ਕਿਲ੍ਹੇ ਵਿੱਚੋਂ ਚੋਰੀ ਹੋਇਆ 'ਕਲਸ਼' ਬਰਾਮਦ, ਇੱਕ ਗ੍ਰਿਫਤਾਰ





**ਨਵੀਂ ਦਿੱਲੀ।** ਇੱਕ ਧਾਰਮਿਕ ਸਮਾਰੋਹ ਦੌਰਾਨ ਚੋਰੀ ਹੋਇਆ ਸੋਨੇ ਦਾ 'ਕਲਸ਼' ਉੱਤਰ ਪ੍ਰਦੇਸ਼ ਦੇ ਹਾਪੁਰ ਤੋਂ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਬਰਾਮਦ ਕਰ ਲਿਆ ਹੈ। ਪੁਲੀਸ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਜ਼ਿਕਰਯੋਗ ਹੈ ਕਿ 3 ਸਤੰਬਰ ਨੂੰ 760 ਗ੍ਰਾਮ ਸੋਨੇ ਦਾ ਬਣਿਆ 'ਕਲਸ਼' 15 ਅਗਸਤ ਪਾਰਕ ਵਿੱਚ ਇੱਕ ਜੈਨ ਧਾਰਮਿਕ ਸਮਾਗਮ ਦੌਰਾਨ ਚੋਰੀ ਹੋ ਗਿਆ ਸੀ। 1 ਕਰੋੜ ਦੀ ਕੀਮਤ ਵਾਲੇ ਇਸ ਕਲਸ਼ ਵਿਚ 150 ਗ੍ਰਾਮ ਹੀਰੇ, ਰੂਬੀ ਅਤੇ ਪੰਨੇ ਜੜੇ ਹੋਏ ਹਨ। ਇਸ ਮਾਮਲੇ ਦੀ ਜਾਂਚ ਉੱਤਰੀ ਜ਼ਿਲ੍ਹਾ ਪੁਲੀਸ ਅਤੇ ਕ੍ਰਾਈਮ ਬ੍ਰਾਂਚ ਦੀ ਇੱਕ ਸਾਂਝੀ ਟੀਮ ਕਰ ਰਹੀ ਹੈ। ਪੁਲੀਸ ਨੇ ਦੱਸਿਆ ਕਿ ਸੁਰਾਗ ਦੇ ਆਧਾਰ 'ਤੇ ਹਾਪੁਰ ਲਈ ਇੱਕ ਟੀਮ ਰਵਾਨਾ ਕੀਤੀ ਗਈ ਸੀ ਅਤੇ ਦੋਸ਼ੀ ਭੂਸ਼ਣ ਵਰਮਾ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ, ''ਕਾਬੂ ਕੀਤੇ ਵਿਅਕਤੀ ਦੇ ਦੱਸਣ 'ਤੇ ਚੋਰੀ ਹੋਇਆ ਕਲਸ਼ ਵੀ ਬਰਾਮਦ ਕਰ ਲਿਆ ਗਿਆ ਹੈ ਅਤੇ ਮੁਲਜ਼ਮ ਨੂੰ ਪੁੱਛਗਿੱਛ ਲਈ ਦਿੱਲੀ ਲਿਆਂਦਾ ਜਾ ਰਿਹਾ ਹੈ।'' ਪੁਲੀਸ ਨੇ ਦੱਸਿਆ ਕਿ ਵਰਮਾ ਦੇ ਪਿਛੋਕੜ, ਉਸ ਦੇ ਸਾਥੀਆਂ ਅਤੇ ਚੋਰੀ ਦੇ ਪਿੱਛੇ ਦੇ ਮਨੋਰਥ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲੀਸ ਅਨੁਸਾਰ ਦੋਸ਼ੀ ਨੇ ਉਸ ਸਮੇਂ ਇਹ ਕਲਸ਼ ਚੋਰੀ ਕੀਤਾ, ਜਦੋਂ ਲੋਕ ਲੋਕ ਸਭਾ ਸਪੀਕਰ ਓਮ ਬਿਰਲਾ ਦਾ ਸਵਾਗਤ ਕਰਨ ਵਿੱਚ ਰੁੱਝੇ ਹੋਏ ਸਨ।

VACANCY
URGENT REQUIREMENT
Company Name - Rk Drafting Hub
Working Place - Office In Nakodar
2 Hiring For
Architecture Draftperson Or Civil Engineer.
Starting Salary Rs. 15000 Per Month.
Exprience Requirement -
Auto Cad (Must Required) Sketch Up
Do not call, only send the CV
on Whatsapp number - 98723 76093
Email: rk_drafting_hub@outlook.com

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਹੜ੍ਹ: ਪਾਣੀ 'ਚ ਵੀ ਸਰਹੱਦ ਦੀ ਰਾਖ਼ੀ ਕਰ ਰਹੇ ਨੇ ਬੀਐੱਸਐੱਫ ਦੇ ਜਵਾਨ



**ਫਿਰੋਜ਼ਪੁਰ/ਮੱਲਾਂਵਾਲਾ।** ਦਰਿਆ ਸਤਲੁਜ ਨੇ ਜ਼ਿਲ੍ਹਾ ਫਿਰੋਜ਼ਪੁਰ ਦੇ ਤਕਰੀਬਨ 112 ਪਿੰਡ ਆਪਣੀ ਲਪੇਟ ਵਿੱਚ ਲੈ ਲਏ ਹਨ। ਪਾਣੀ ਦਾ ਪੱਧਰ ਕੁਝ ਘਟਿਆ ਜ਼ਰੂਰ ਹੈ ਪਰ ਅੱਜ ਇਹ ਮੁਸ਼ਕਿਲਾਂ ਜਿਉਂ ਦੀਆਂ ਤਿਉਂ ਹਨ, ਜਿਸ ਕਾਰਨ ਇਨ੍ਹਾਂ ਪਿੰਡਾਂ ਦੀਆਂ ਫ਼ਸਲਾਂ, ਸਬਜ਼ੀਆਂ, ਤੂੜੀ ਅਤੇ ਹਰਾ-ਚਾਰਾ ਬਿਲਕੁਲ ਤਬਾਹ ਹੋ ਗਿਆ। ਲਗਾਤਾਰ ਪਾਣੀ ਖੜ੍ਹਾ ਰਹਿਣ ਕਾਰਨ ਜਿੱਥੇ ਫ਼ਸਲਾਂ ਖਰਾਬ ਹੋਈਆਂ ਹਨ, ਉੱਥੇ ਕਈ ਥਾਈਂ ਕੰਧਾਂ ਡਿੱਗੀਆਂ ਤੇ ਮਕਾਨਾਂ ਨੂੰ ਵੀ ਤਰੇੜਾਂ ਆ ਗਈਆਂ ਹਨ। ਅਜੇ ਵੀ ਬਹੁਤ ਥਾਈਂ ਪਸ਼ੂ ਪਾਣੀ ਵਿੱਚ ਬੰਨ੍ਹੇ ਹੋਏ ਹਨ ਅਤੇ ਇਸ ਪਾਣੀ ਨਾਲ ਭਿਆਨਕ ਬਿਮਾਰੀਆਂ ਫੈਲਣ ਦਾ ਖਤਰਾ ਬਣਿਆ ਹੋਇਆ ਹੈ। ਭਾਰਤ ਪਾਕਿਸਤਾਨ ਦੀ ਹੱਦ 'ਤੇ ਫਿਰੋਜ਼ਪੁਰ ਇਲਾਕੇ ਵਿੱਚ ਬੀਐੱਸਐੱਫ ਦੇ ਜਵਾਨ ਪਾਣੀ ਵਿੱਚ ਲੰਘ ਕੇ ਵੀ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾ ਰਹੇ ਹਨ। ਹੜ੍ਹ ਪੀੜਤ ਕਿਸਾਨਾਂ ਮੁਤਾਬਕ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਵੱਲੋਂ ਸਮੁੱਚੇ ਹੜ ਪੀੜਤਾਂ ਲਈ ਜੋ ਰਾਹਤ ਕਾਰਜ ਕੀਤੇ ਹਨ ਉਸ ਦਾ ਦੇਣਾ ਉਹ ਦੇ ਨਹੀਂ ਸਕਦੇ। ਪੀੜਤ ਕਿਸਾਨਾਂ ਨੇ ਕਿਹਾ ਕਿ ਹੁਣ ਪਾਣੀ ਉਤਰਨ ਤੋਂ ਬਾਅਦ ਫ਼ਸਲ ਨੂੰ ਉਪਜਾਊ ਬਣਾਉਣ ਲਈ ਡੀਜ਼ਲ, ਬੀਜ਼, ਖਾਦ ਆਦਿ ਦੀ ਬਹੁਤ ਲੋੜ ਪੈਣ ਵਾਲੀ ਹੈ, ਇਸ ਲਈ ਉਹ ਸਮਾਜ ਸੇਵੀ ਸੰਸਥਾਵਾਂ ਅਤੇ ਸਰਕਾਰ ਨੂੰ ਅਪੀਲ ਕਰਦੇ ਹਨ ਕਿ ਆਉਣ ਵਾਲੇ ਸਮੇਂ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਦੀ ਮਦਦ ਕੀਤੀ ਜਾਵੇ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਜੰਮੂ-ਕਸ਼ਮੀਰ ਦੇ ਕੁਲਗਾਮ ’ਚ ਮੁਕਾਬਲੇ ਦੌਰਾਨ 2 ਅਤਿਵਾਦੀ ਹਲਾਕ, 2 ਜਵਾਨ ਸ਼ਹੀਦ



**ਸ੍ਰੀਨਗਰ :** ਦਖਣੀ ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ’ਚ ਸੋਮਵਾਰ ਨੂੰ ਹੋਏ ਮੁਕਾਬਲੇ ’ਚ ਇਕ ਪਾਕਿਸਤਾਨੀ ਨਾਗਰਿਕ ਸਮੇਤ ਦੋ ਅਤਿਵਾਦੀ ਮਾਰੇ ਗਏ। ਮੁਕਾਬਲੇ ਦੌਰਾਨ ਭਾਰਤੀ ਫ਼ੌਜ ਦੇ ਦੋ ਜਵਾਨ ਵੀ ਸ਼ਹੀਦ ਹੋ ਗਏ। ਅਤਿਵਾਦੀਆਂ ਦੀ ਮੌਜੂਦਗੀ ਬਾਰੇ ਖੁਫੀਆ ਜਾਣਕਾਰੀ ਦੇ ਆਧਾਰ ਉਤੇ ਸੁਰੱਖਿਆ ਬਲਾਂ ਨੇ ਕੁਲਗਾਮ ਦੇ ਗੁੱਦੜ ਜੰਗਲ ਖੇਤਰ ’ਚ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਸੀ। ਤਲਾਸ਼ੀ ਮੁਕਾਬਲੇ ਵਿਚ ਬਦਲ ਗਈ ਜਦੋਂ ਅਤਿਵਾਦੀਆਂ ਨੇ ਸੁਰੱਖਿਆ ਬਲਾਂ ਉਤੇ ਗੋਲੀਬਾਰੀ ਸ਼ੁਰੂ ਕਰ ਦਿਤੀ। ਅਧਿਕਾਰੀਆਂ ਨੇ ਦਸਿਆ ਕਿ ਮੁਹਿੰਮ ਦੌਰਾਨ ਦੋ ਜਵਾਨ ਸੂਬੇਦਾਰ ਪਰਭਾਤ ਗੌੜ ਅਤੇ ਲਾਂਸ ਨਾਇਕ ਨਰਿੰਦਰ ਸਿੰਧੂ ਅਤੇ ਫੌਜ ਦਾ ਇਕ ਮੇਜਰ ਜ਼ਖਮੀ ਹੋ ਗਏ। ਜ਼ਿਆਦਾ ਜ਼ਖ਼ਮੀ ਹੋਣ ਕਾਰਨ ਗੌੜ ਅਤੇ ਸਿੰਧੂ ਨੇ ਦਮ ਤੋੜ ਦਿਤਾ ਜਦਕਿ ਮੇਜਰ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਫੌਜ ਦੀ ਕਸ਼ਮੀਰ ਸਥਿਤ ਚਿਨਾਰ ਕੋਰ ਨੇ ਇਕ ਟਵੀਟ ’ਚ ਕਿਹਾ ਕਿ ਉਹ ਦੇਸ਼ ਲਈ ਡਿਊਟੀ ਨਿਭਾਉਂਦੇ ਹੋਏ ਬਹਾਦਰਾਂ ਸੂਬੇਦਾਰ ਪਰਭਾਤ ਗੌਰ ਅਤੇ ਲਾਂਸ ਨਾਇਕ ਨਰਿੰਦਰ ਸਿੰਧੂ ਦੇ ਸਰਵਉੱਚ ਬਲੀਦਾਨ ਦਾ ਸਨਮਾਨ ਕਰਦੀ ਹੈ। ਉਨ੍ਹਾਂ ਦੀ ਹਿੰਮਤ ਅਤੇ ਸਮਰਪਣ ਸਾਨੂੰ ਹਮੇਸ਼ਾ ਪ੍ਰੇਰਿਤ ਕਰੇਗਾ। ਇਸ ਤੋਂ ਪਹਿਲਾਂ ਜੰਮੂ-ਕਸ਼ਮੀਰ ਪੁਲਿਸ ਤੋਂ ਮਿਲੀ ਖੁਫੀਆ ਜਾਣਕਾਰੀ ਦੇ ਆਧਾਰ ਉਤੇ ਫੌਜ, ਸੀ.ਆਰ.ਪੀ.ਐਫ. ਅਤੇ ਪੁਲਿਸ ਨੇ ਕੁਲਗਾਮ ਦੇ ਗੁੱਦੜ ਜੰਗਲ ਵਿਚ ਸਾਂਝੀ ਤਲਾਸ਼ੀ ਮੁਹਿੰਮ ਚਲਾਈ ਸੀ। ਚੌਕਸ ਜਵਾਨਾਂ ਨੇ ਸ਼ੱਕੀ ਗਤੀਵਿਧੀਆਂ ਵੇਖੀਆਂ ਅਤੇ ਜਦੋਂ ਉਨ੍ਹਾਂ ਨੇ ਅਤਿਵਾਦੀਆਂ ਨੂੰ ਚੁਨੌਤੀ ਦਿਤੀ ਤਾਂ ਉਨ੍ਹਾਂ ਨੂੰ ਗੋਲੀਬਾਰੀ ਦਾ ਸਾਹਮਣਾ ਕਰਨਾ ਪਿਆ। ਸ਼ੁਰੂਆਤੀ ਰੀਪੋਰਟਾਂ ਤੋਂ ਪਤਾ ਲਗਦਾ ਹੈ ਕਿ ਮਾਰੇ ਗਏ ਅਤਿਵਾਦੀਆਂ ਵਿਚੋਂ ਇਕ ਸਥਾਨਕ ਸੀ, ਜਦਕਿ ਦੂਜਾ ਵਿਦੇਸ਼ੀ ਅਤਿਵਾਦੀ ਮੰਨਿਆ ਜਾਂਦਾ ਹੈ ਜਿਸ ਦਾ ਕੋਡ ਨਾਮ ‘ਰਹਿਮਾਨ ਭਾਈ’ ਹੈ। ਪੁਲਿਸ ਡਾਇਰੈਕਟਰ ਜਨਰਲ ਨਲਿਨ ਪ੍ਰਭਾਤ ਨੇ ਗੁੱਦੜ ਵਿਚ ਮੁਕਾਬਲੇ ਵਾਲੀ ਥਾਂ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਫੌਜ ਦੀ ਅਗਵਾਈ ਵਿਚ ਸਾਂਝੇ ਆਪਰੇਸ਼ਨ ਦੀ ਸ਼ਲਾਘਾ ਕੀਤੀ।

## ਨਸ਼ਾ ਤਸਕਰ ਸੋਨੀ ਸਮੇਤ ਪੰਜ ਵਿਅਕਤੀ 8.1 ਕਿਲੋ ਹੈਰੋਇਨ ਨਾਲ ਗ੍ਰਿਫ਼ਤਾਰ



**ਚੰਡੀਗੜ੍ਹ/ਅੰਮ੍ਰਿਤਸਰ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ ਸਰਹੱਦ ਪਾਰੋਂ ਨਾਰਕੋ-ਅੱਤਵਾਦ ਨੈੱਟਵਰਕ ਨੂੰ ਵੱਡਾ ਝਟਕਾ ਦਿੰਦੇ ਹੋਏ, ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਨੇ ਸੋਨੀ ਸਿੰਘ ਉਰਫ਼ ਸੋਨੀ ਨੂੰ, ਉਸਦੇ ਚਾਰ ਸਾਥੀਆਂ ਸਮੇਤ ਗ੍ਰਿਫ਼ਤਾਰ ਕਰਕੇ ਹੈਰੋਇਨ ਤਸਕਰੀ ਕਾਰਟੈਲ ਦਾ ਪਰਦਾਫਾਸ਼ ਕੀਤਾ ਹੈ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੇ ਕਬਜ਼ੇ ਵਿੱਚੋਂ 8.1 ਕਿਲੋ ਹੈਰੋਇਨ ਬਰਾਮਦ ਕੀਤੀ ਹੈ।ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸੋਮਵਾਰ ਨੂੰ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਹੋਰ ਚਾਰ ਨਸ਼ਾ ਤਸਕਰਾਂ ਦੀ ਪਛਾਣ ਗੁਰਸੇਵਕ ਸਿੰਘ, ਵਿਸ਼ਾਲਦੀਪ ਸਿੰਘ ਉਰਫ਼ ਗੋਲਾ, ਗੁਰਪ੍ਰੀਤ ਸਿੰਘ ਅਤੇ ਅਰਸ਼ਦੀਪ ਸਿੰਘ ਵਜੋਂ ਹੋਈ ਹੈ, ਜੋ ਸਾਰੇ ਅੰਮ੍ਰਿਤਸਰ ਦੇ ਅਜਨਾਲਾ ਦੇ ਰਹਿਣ ਵਾਲੇ ਹਨ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਸਿੰਡੀਕੇਟ ਪਾਕਿਸਤਾਨ ਨਾਲ ਸਬੰਧਤ ਸੀ ਅਤੇ ਭਾਰਤੀ ਖੇਤਰ ਵਿੱਚ ਹੈਰੋਇਨ ਦੀਆਂ ਵੱਡੀਆਂ ਖੇਪਾਂ ਪਹੁੰਚਾਉਣ ਲਈ ਡਰੋਨਾਂ ਦੀ ਵਰਤੋਂ ਕੀਤੀ ਜਾਂਦੀ ਸੀ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਸਿੰਡੀਕੇਟ ਵੱਲੋਂ ਨੈੱਟਵਰਕ ਵਿੱਚ ਖੇਪਾਂ ਨੂੰ ਅੱਗੇ ਪਹੁੰਚਾਉਣ ਲਈ ਹੋਟਲਾਂ ਨੂੰ ਤਸਕਰੀ ਡੰਪ ਵਜੋਂ ਵਰਤਿਆ ਜਾਂਦਾ ਸੀ।ਡੀਜੀਪੀ ਨੇ ਕਿਹਾ ਕਿ ਹੈਂਡਲਰਾਂ, ਸਪਲਾਈ ਚੇਨਾਂ ਅਤੇ ਵਿੱਤੀ ਨੈੱਟਵਰਕਾਂ ਦੀ ਪਛਾਣ ਕਰਨ ਲਈ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ। ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ, ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਭਰੋਸੇਯੋਗ ਇਤਲਾਹ ’ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਸ਼ਹਿਰ ਦੇ ਬਾਹਰਵਾਰ ਤੋਂ ਨਸ਼ਾ ਤਸਕਰ ਸੋਨੀ ਸਿੰਘ ਨੂੰ 150 ਗ੍ਰਾਮ ਹੈਰੋਇਨ ਅਤੇ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਸੀ ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਸੰਗੋਵਾਲ ਟੋਲ ਦਾ ਮੁੱਦਾ ਗਰਮਾਇਆ

## ਪਰਚੀ ਬੰਦ ਦੀ ਧਮਕੀ ਤੇ ਟੋਲ ਕਰਮਚਾਰੀਆਂ ਨੇ ਸੜਕ ਦੀ ਮੁਰੰਮਤ ਕੀਤੀ ਸ਼ੁਰੂ,ਨਕੋਦਰ ਜਗਰਾਓਂ ਰੋਡ ਤੁਰੰਤ ਬਣਾਈ ਜਾਵੇ -ਗੋਬਿੰਦਪੁਰ

**ਮਹਿਤਪੁਰ,08 ਸਤੰਬਰ (ਹਰਜਿੰਦਰ ਸਿੰਘ ਚੰਦੀ)**- ਸੰਗੋਵਾਲ ਟੋਲ ਪਲਾਜ਼ਾ ਦਾ ਮੁੱਦਾ ਸੁਰਖੀਆਂ ਵਿਚ ਹੈ। ਬੀਕੇਯੂ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ ਵੱਲੋਂ ਇਲਾਕੇ ਦੇ ਲੋਕਾਂ ਦੀ ਚਿਰੋਕਣੀ ਮੰਗ ਨੂੰ ਲੈ ਕੇ ਅੱਜ ਉਚੇਚਾ ਹੰਗਾਮੀ ਮੀਟਿੰਗ ਟੋਲ ਪਲਾਜ਼ਾ ਉਚ ਅਧਿਕਾਰੀਆਂ ਨਾਲ ਕੀਤੀ ਗਈ ਜਿਸ ਵਿੱਚ ਪ੍ਰੈਸ ਦੇ ਸਵਾਲਾ ਦੇ ਜਵਾਬ ਦਿੰਦਿਆਂ ਟੋਲ ਪਲਾਜ਼ਾ ਅਧਿਕਾਰੀਆਂ ਨੇ ਕਬੂਲ ਕੀਤਾ ਗਿਆ ਉਨ੍ਹਾਂ ਵੱਲੋਂ ਨਕੋਦਰ ਤੋਂ ਮਹਿਤਪੁਰ, ਜਗਰਾਓਂ ਰੋਡ ਤੇ ਨਿਰੰਤਰ ਟੋਲ ਟੈਕਸ ਪਰਚੀ ਕੱਟੀ ਜਾ ਰਹੀ ਹੈ ਪਰ ਸੜਕ ਦੀ ਖ਼ਸਤਾ ਹਾਲਤ ਵੱਲ ਧਿਆਨ ਨਹੀਂ ਦਿੱਤਾ ਜਾ ਸਕਿਆ । ਖੂਦੋ ਅੱਗੇ ਰੇਹੜਦਿਆ ਟੋਲ



ਅਧਿਕਾਰੀਆਂ ਨੇ ਸੜਕ ਬਣਾਉਣ ਵਿੱਚ ਹੋਈ ਦੇਰੀ ਦਾ ਭਾਂਡਾ ਬਰਸਾਤੀ ਮੌਸਮ ਸਿਰ ਭੰਨ ਦਿੱਤਾ । ਇਸ ਮੌਕੇ ਲਖਵੀਰ ਸਿੰਘ ਗੋਬਿੰਦਪੁਰ ਨੇ ਪ੍ਰੈਸ ਨੂੰ ਜਾਣਕਾਰੀ ਦੱਸਿਆ ਕਿ ਗਿਆਰਾਂ ਸਾਲ ਪਹਿਲਾਂ ਇਹ ਟੋਲ ਪਲਾਜ਼ਾ ਸ਼ੁਰੂ ਹੋਇਆ ਸੀ ਜੋ ਅੱਜ ਤੱਕ ਨਿਰੰਤਰ ਚਲ ਰਿਹਾ ਹੈ ਟੋਲ ਪਲਾਜ਼ਾ ਐਗਰੀਮੈਂਟ ਮੁਤਾਬਿਕ ਟੋਲ ਅਧਿਕਾਰੀਆ ਵੱਲੋਂ ਹਰ ਚਾਰ ਸਾਲ ਬਾਅਦ ਸੜਕ ਬਣਾਉਣ ਦਾ ਅਹਿਦ ਕੀਤਾ ਸੀ ਇਸ ਦੌਰਾਨ ਅਧਿਕਾਰੀਆਂ ਵੱਲੋਂ ਸੜਕ ਸਿਰਫ ਦੋ ਵਾਰ ਹੀ ਬਣ ਪਾਈ ਹੈ, ਮਟੀਰੀਅਲ ਹਲਕਾ ਹੋਣ ਕਰਕੇ ਮਿਆਦ ਤੋਂ ਪਹਿਲਾਂ ਹੀ ਸੜਕ ਖੱਡਾ ਵਿਚ ਤਬਦੀਲ ਹੋ ਗਈ ਹੈ। ਗੋਬਿੰਦ ਪੁਰ ਨੇ ਆਖਿਆ ਕਿ ਸੜਕ ਦੀ ਖ਼ਸਤਾ ਹਾਲਤ ਵੱਲ ਧਿਆਨ ਨਾ ਦੇਣ ਕਰਕੇ ਹੁਣ ਤੱਕ ਇਸ ਸੜਕ ਤੇ ਸੈਂਕੜੇ ਐਕਸੀਡੈਂਟ ਹੋ ਚੁੱਕੇ ਹਨ ਅਤੇ ਆਏ ਦਿਨ ਕੀਮਤੀ ਜਾ ਰਹੀਆਂ ਹਨ ਉਨ੍ਹਾਂ ਅਧਿਕਾਰੀਆਂ ਨੂੰ ਪੁੱਛਿਆ ਕਿ ਕੀਮਤੀ ਜਾਨਾਂ ਦਾ ਹਰਜ਼ਾਨਾ ਕੌਣ ਦੇਵੇਗਾ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਜੇਕਰ ਟੋਲ ਪਲਾਜ਼ਾ ਅਧਿਕਾਰੀਆਂ ਵੱਲੋਂ ਆਪਣੀ ਕੁੰਭਕਰਨੀ ਨੀਂਦ ਤਿਆਗ ਕੇ ਤੁਰੰਤ ਸੜਕ ਬਣਾਉਣ ਦਾ ਕਾਰਜ ਨਾ ਅਰੰਭਿਆ ਗਿਆ ਤਾਂ ਇਹ ਟੋਲ ਪਲਾਜ਼ਾ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤਾ ਜਾਵੇਗਾ। ਦੂਜੇ ਪਾਸੇ ਮੀਟਿੰਗ ਵਿਚ ਮੌਜੂਦ ਟੋਲ ਅਧਿਕਾਰੀਆ ਵੱਲੋਂ ਹਾਜ਼ਰ ਕਿਸਾਨ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਵੱਲੋਂ ਰਿਪੇਅਰ ਦਾ ਕੰਮ ਅੱਜ ਹੀ ਸ਼ੁਰੂ ਕਰ ਦਿੱਤਾ ਜਾਵੇਗਾ ਬਾਕੀ ਮੁਕੰਮਲ ਸੜਕ ਬਣਾਉਣ ਦਾ ਕਾਰਜ ਵੀ ਜਲਦੀ ਅਰੰਭਿਆ ਜਾਵੇਗਾ। ਇਸ ਮੌਕੇ ਬੀਕੇਯੂ ਪੰਜਾਬ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ, ਸੂਬਾ ਪ੍ਰੈੱਸ ਸਕੱਤਰ ਹਰਜਿੰਦਰ ਸਿੰਘ ਚੰਦੀ, ਬਲਵੰਤ ਸਿੰਘ ਜ਼ਿਲ੍ਹਾ ਖਜਾਨਚੀ, ਤਹਿਸੀਲ ਪ੍ਰਧਾਨ ਨੂਰਮਹਿਲ ਮਹਿੰਦਰਪਾਲ ਸਿੰਘ, ਤਹਿਸੀਲ ਪ੍ਰਧਾਨ ਨਕੋਦਰ ਗੁਰਦੀਪ ਸਿੰਘ, ਇਕਬਾਲ ਸਿੰਘ ਸਕੱਤਰ, ਹਰਮਨਪ੍ਰੀਤ ਸਿੰਘ ਬਲਾਕ ਪ੍ਰਧਾਨ, ਰਣਜੀਤ ਸਿੰਘ ਕੌਹਾੜ, ਸਤਬੀਰ ਸਿੰਘ, ਸੁਖਬੀਰ ਸਿੰਘ, ਤਜਿੰਦਰਪਾਲ ਸਿੰਘ ਸਰਪੰਚ, ਗੁਰਚਰਨ ਸਿੰਘ ਸਰਪੰਚ, ਗੁਰਮੁਖ ਸਿੰਘ ਸਰਪੰਚ, ਸਰਪੰਚ ਮੱਖਣ ਸਿੰਘ, ਮਹਿੰਦਰ ਸਿੰਘ ਅਵਾਣ ਖਾਲਸਾ ,ਬਲਵਿੰਦਰ ਸਿੰਘ, ਹਰਜਿੰਦਰ ਸਿੰਘ, ਪਾਲ ਸਿੰਘ ਸਕੱਤਰ, ਜਗਜੀਤ ਸਿੰਘ ਬਘੇਲਾ, ਕੁਲਵੰਤ ਸਿੰਘ, ਸੰਤੋਖ ਸਿੰਘ ਰਾਜਸਥਾਨੀ ਅਤੇ ਟੋਲ ਪਲਾਜ਼ਾ ਉਚ ਅਧਿਕਾਰੀਆਂ ਵੱਲੋਂ ਟੋਲ ਮੈਨੇਜਰ ਰਾਜੀਵ ਸ਼ਰਮਾ, ਜ਼ਿਲ੍ਹਾ ਟੋਲ ਜੀ ਐਮ ਜਗਦੀਸ਼ ਕੁਲਾਰੀਆ, ਰੋਡ ਪ੍ਰੋਜੈਕਟ ਮਨੈਜਰ ਨਰੇਸ਼ ਕੁਮਾਰ ਹਾਜ਼ਰ ਸਨ।

# ਅਕਾਲੀਆਂ ਨੇ ਉੱਪ-ਰਾਸ਼ਟਰਪਤੀ ਚੋਣਾਂ ਦਾ ਬਾਈਕਾਟ ਕੀਤਾ

## ਭਾਜਪਾ ਵੱਲ ਸਿਆਸੀ ਸੰਦੇਸ਼ - "ਤਾਰ ਟੁੱਟੀ ਪਈ ਐ ਖੰਬੇ ਤੋਂ, ਪਰ ਕਰੰਟ ਹਲੇ ਵੀ ਆਉਂਦਾ ਹੈ"

ਚੰਡੀਗੜ੍ਹ ਗੁਰਭਿੰਦਰ ਗੁਰੀ ਸ਼ਿਰੋਮਣੀ ਅਕਾਲੀ ਦਲ ਨੇ ਦੇਸ਼ ਦੀ ਰਾਜਨੀਤੀ ਵਿੱਚ ਇੱਕ ਵੱਡਾ ਫੈਸਲਾ ਲੈਂਦਿਆਂ ਉੱਪ-ਰਾਸ਼ਟਰਪਤੀ ਦੇ ਚੋਣ ਪ੍ਰਕਿਰਿਆ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ। ਇਹ ਫੈਸਲਾ ਨਾ ਸਿਰਫ਼ ਪੰਜਾਬ ਦੀ ਰਾਜਨੀਤਿਕ ਸਥਿਤੀ ਵਿੱਚ ਨਵੀਂ ਚਰਚਾ ਨੂੰ ਜਨਮ ਦੇ ਰਿਹਾ ਹੈ, ਬਲਕਿ ਕੇਂਦਰ ਵਿੱਚ ਭਾਜਪਾ ਨਾਲ ਅਕਾਲੀ ਦਲ ਦੇ ਰਿਸ਼ਤਿਆਂ 'ਤੇ ਵੀ ਸਵਾਲ ਖੜ੍ਹ ਕਰ ਰਿਹਾ ਹੈ। ਅਕਾਲੀ ਨੇਤਾਵਾਂ ਵੱਲੋਂ ਸਾਫ਼-ਸਾਫ਼ ਕਿਹਾ ਗਿਆ ਕਿ ਉਹ ਹੁਣ ਭਾਜਪਾ ਦੀਆਂ ਨੀਤੀਆਂ ਨਾਲ ਸਹਿਮਤ ਨਹੀਂ ਹਨ। ਪਰ ਇਸਦੇ ਨਾਲ ਹੀ ਉਹਨਾਂ ਨੇ ਇੱਕ ਖਾਸ ਇਸ਼ਾਰਾ ਵੀ ਦਿੱਤਾ ਕਿ, "ਬੇਸ਼ੱਕ ਤਾਰ ਖੰਬੇ ਤੋਂ ਟੁੱਟੀ ਪਈ ਹੈ, ਪਰ ਕਰੰਟ ਹਲੇ ਵੀ ਆਉਂਦਾ ਹੈ।" ਇਹ ਬੋਲ ਦਰਅਸਲ ਭਾਜਪਾ ਲਈ ਇੱਕ ਰਾਜਨੀਤਿਕ ਸੁਨੇਹਾ ਹਨ ਕਿ ਅਕਾਲੀ ਦਲ ਭਾਵੇਂ ਅੱਜ ਵੱਖ ਖੜ੍ਹਾ ਹੈ, ਪਰ ਉਸਦੀ ਸਿਆਸੀ ਅਹਿਮੀਅਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

**ਪਿਛੋਕੜ**

ਸ਼ਿਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਗਠਜੋੜ ਪੰਜਾਬ ਦੀ ਰਾਜਨੀਤੀ ਵਿੱਚ ਕਈ ਦਹਾਕਿਆਂ ਤੱਕ ਚੱਲਿਆ। ਦੋਵੇਂ ਪਾਰਟੀਆਂ ਨੇ ਸਾਂਝੇ ਤੌਰ 'ਤੇ ਸੂਬੇ ਅਤੇ ਕੇਂਦਰ ਵਿੱਚ ਰਾਜ ਕੀਤਾ। ਪਰ ਖੇਤੀ ਕਾਨੂੰਨਾਂ ਦੇ ਮਸਲੇ 'ਤੇ ਦੋਵਾਂ ਵਿਚਕਾਰ ਦਰਾਰ ਪੈ ਗਈ ਅਤੇ ਅਖ਼ੀਰਕਾਰ ਗਠਜੋੜ ਟੁੱਟ ਗਿਆ। ਇਸ ਤੋਂ ਬਾਅਦ ਅਕਾਲੀ ਦਲ ਲਗਾਤਾਰ ਆਪਣੇ ਆਪ ਨੂੰ ਪੰਜਾਬ ਦੇ ਹਿੱਤਾਂ ਦੀ ਆਵਾਜ਼ ਵਜੋਂ ਪੇਸ਼ ਕਰ ਰਿਹਾ ਹੈ।

**ਬਾਈਕਾਟ ਦਾ ਮਤਲਬ**

ਉੱਪ-ਰਾਸ਼ਟਰਪਤੀ ਦੀ ਚੋਣ ਪ੍ਰਕਿਰਿਆ ਦਾ ਬਾਈਕਾਟ ਸਿਰਫ਼ ਇਕ ਸੰਯੋਗੀ ਫੈਸਲਾ ਨਹੀਂ ਹੈ, ਸਗੋਂ ਇੱਕ ਵੱਡਾ ਰਾਜਨੀਤਿਕ ਸੰਦੇਸ਼ ਹੈ। ਅਕਾਲੀਆਂ ਨੇ ਦੱਸਿਆ ਹੈ ਕਿ ਉਹ ਹੁਣ ਕਿਸੇ ਵੀ ਹਾਲਤ ਵਿੱਚ ਕੇਂਦਰ ਦੀ ਹਕੂਮਤ ਦਾ ਹਿੱਸਾ ਬਣਨ ਤੋਂ ਪਹਿਲਾਂ ਪੰਜਾਬੀ ਲੋਕਾਂ ਦੇ ਹੱਕਾਂ ਅਤੇ ਕਿਸਾਨਾਂ ਦੇ ਮਸਲੇ 'ਤੇ ਆਪਣੀ ਮਜ਼ਬੂਤ ਪੋਜ਼ੀਸ਼ਨ ਸਾਫ਼ ਕਰਨਾ ਚਾਹੁੰਦੇ ਹਨ।

**ਭਾਜਪਾ ਲਈ ਚੇਤਾਵਨੀ**

ਅਕਾਲੀਆਂ ਵੱਲੋਂ ਦਿੱਤਾ ਗਿਆ "ਤਾਰ ਤੇ ਕਰੰਟ" ਵਾਲਾ ਬਿਆਨ ਸਪੱਸ਼ਟ ਕਰਦਾ ਹੈ ਕਿ ਉਹ ਆਪਣੇ ਪ੍ਰਭਾਵ ਤੋਂ ਭਾਜਪਾ ਨੂੰ ਜਾਣੂ ਕਰਵਾ ਰਹੇ ਹਨ। ਪੰਜਾਬ ਦੀ ਸਿਆਸਤ ਵਿੱਚ ਅਕਾਲੀ ਦਲ ਦਾ ਅਧਾਰ ਅਜੇ ਵੀ



ਮਜ਼ਬੂਤ ਹੈ, ਖ਼ਾਸ ਕਰਕੇ ਪਿੰਡਾਂ ਅਤੇ ਧਾਰਮਿਕ ਮੰਚਾਂ 'ਤੇ। ਇਸ ਕਰਕੇ ਭਾਜਪਾ ਲਈ ਅਕਾਲੀ ਦਲ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਨਾ ਖ਼ਤਰਨਾਕ ਹੋ ਸਕਦਾ ਹੈ।

ਰਾਜਨੀਤਿਕ ਵਿਸ਼ਲੇਸ਼ਕਾਂ ਦੀ ਰਾਏ

ਰਾਜਨੀਤਿਕ ਵਿਸ਼ਲੇਸ਼ਕ ਮੰਨਦੇ ਹਨ ਕਿ ਅਕਾਲੀ ਦਲ ਦਾ ਇਹ ਕਦਮ ਸਿਆਸਤ ਵਿੱਚ ਆਪਣੀ ਮੌਜੂਦਗੀ ਦਰਸਾਉਣ ਦਾ ਇੱਕ ਤਰੀਕਾ ਹੈ। ਇੱਕ ਵਿਸ਼ਲੇਸ਼ਕ ਮੁਤਾਬਕ, "ਅਕਾਲੀ ਦਲ ਜਾਣਦਾ ਹੈ ਕਿ ਭਾਜਪਾ ਬਿਨਾਂ ਉਹਨਾਂ ਦੇ ਪੰਜਾਬ ਵਿੱਚ ਕਦੇ ਵੀ ਮਜ਼ਬੂਤ ਨਹੀਂ ਹੋ ਸਕਦੀ। ਇਸ ਲਈ ਉਹ ਸਮੇਂ-ਸਮੇਂ 'ਤੇ ਆਪਣੀ ਸਿਆਸੀ ਤਾਕਤ ਦਾ ਅਹਿਸਾਸ ਕਰਵਾਉਂਦੇ ਰਹਿੰਦੇ ਹਨ।"

ਪੰਜਾਬ ਦੀ ਰਾਜਨੀਤੀ 'ਤੇ ਅਸਰ

ਇਸ ਫੈਸਲੇ ਨਾਲ ਪੰਜਾਬ ਦੀ ਰਾਜਨੀਤਿਕ ਹਵਾ ਵਿੱਚ ਨਵਾਂ ਰੁਝਾਨ ਆ ਗਿਆ ਹੈ। ਜਿੱਥੇ ਇੱਕ ਪਾਸੇ ਆਮ ਆਦਮੀ ਪਾਰਟੀ ਸੂਬੇ ਦੀ ਹਕੂਮਤ ਵਿੱਚ ਹੈ, ਉੱਥੇ ਦੂਜੇ ਪਾਸੇ ਅਕਾਲੀ ਦਲ ਆਪਣੀ ਜਗ੍ਹਾ ਬਣਾਉਣ ਲਈ ਹਰ ਮੌਕੇ ਦਾ ਲਾਭ ਲੈਣਾ ਚਾਹੁੰਦਾ ਹੈ। ਕਾਂਗਰਸ ਪਹਿਲਾਂ ਹੀ ਅੰਦਰੂਨੀ ਗੁੱਟਬਾਜ਼ੀ ਨਾਲ ਜੂਝ ਰਹੀ ਹੈ। ਇਸ ਸਥਿਤੀ ਵਿੱਚ ਅਕਾਲੀਆਂ ਦਾ ਬਾਈਕਾਟ ਉਨ੍ਹਾਂ ਨੂੰ ਇੱਕ ਨਵੀਂ ਪਛਾਣ ਦੇ ਸਕਦਾ ਹੈ।

ਅਕਾਲੀ ਦਲ ਦਾ ਉੱਪ-ਰਾਸ਼ਟਰਪਤੀ ਚੋਣਾਂ ਦਾ ਬਾਈਕਾਟ ਕਰਨਾ ਸਿਰਫ਼ ਇਕ ਰੁਟੀਨੀ ਫੈਸਲਾ ਨਹੀਂ, ਬਲਕਿ ਇੱਕ ਵੱਡੀ ਰਾਜਨੀਤਿਕ ਰਣਨੀਤੀ ਹੈ। ਉਹ ਭਾਜਪਾ ਨੂੰ ਯਾਦ ਦਿਵਾਉਣਾ ਚਾਹੁੰਦੇ ਹਨ ਕਿ ਭਾਵੇਂ ਗਠਜੋੜ ਟੁੱਟ ਗਿਆ ਹੋਵੇ, ਪਰ ਪੰਜਾਬ ਦੀ ਧਰਤੀ 'ਤੇ ਅਕਾਲੀ ਦਲ ਦਾ ਕਰੰਟ ਅਜੇ ਵੀ ਚੱਲ ਰਿਹਾ ਹੈ।

# ਅਧਿਆਪਕ ਦਿਵਸ ਨੂੰ ਸਮਰਪਿਤ ਸੈਂਟਰ ਸ਼ਹਿਬਾਜ਼ਪੁਰਾ ਵਿਖੇ ਸਨਮਾਨ ਸਮਾਗਮ

**ਰਾਏਕੋਟ ਗੁਰਭਿੰਦਰ ਗੁਰੀ**





ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸ. ਇਤਬਾਰ ਸਿੰਘ ਨੱਥੋਵਾਲ ਦੀ ਅਗਵਾਈ ਹੇਠ ਅਤੇ ਸੈਂਟਰ ਮੁੱਖ ਅਧਿਆਪਕ ਸ਼ਹਿਬਾਜ਼ਪੁਰਾ ਰਾਜਮਿੰਦਰਪਾਲ ਸਿੰਘ ਪਰਮਾਰ ਦੀ ਦੇਖ ਰੇਖ ਹੇਠ 5 ਸਤੰਬਰ ਅਧਿਆਪਕ ਦਿਵਸ ਨੂੰ ਸਮਰਪਿਤ ਇੱਕ ਸਾਦਾ ਤੇ ਪ੍ਰਭਾਵਸ਼ਾਲੀ ਸਮਾਗਮ ਸੈਂਟਰ ਸ਼ਹਿਬਾਜ਼ਪੁਰਾ ਕਰਵਾਇਆ ਗਿਆ ਜਿਸ ਵਿੱਚ ਸੈਂਟਰ ਦੇ ਸਮੂਹ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ। ਇਸ ਸਮਾਗਮ ਵਿੱਚ ਅਧਿਆਪਕਾਂ ਵੱਲੋਂ ਦਿਨ ਪ੍ਰਤੀ ਦਿਨ ਸਕੂਲੀ ਵਿਦਿਆਰਥੀਆਂ ਅਤੇ ਸਕੂਲਾਂ ਲਈ ਕੀਤੇ ਜਾ ਰਹੇ ਨਿਵੇਕਲੇ ਕੰਮਾਂ ਨੂੰ ਹੁਲਾਰਾ ਦੇਣ ਦੇ ਲਈ ਇਹ ਸਮਾਗਮ ਡਾਕਟਰ ਸਰਵਪੱਲੀ ਰਾਧਾ ਕ੍ਰਿਸ਼ਨਨ ਜੀ ਦੇ ਜਨਮ ਦਿਨ ਨੂੰ ਸਮਰਪਿਤ ਹਰ ਸਾਲ ਸੈਂਟਰ ਮੁੱਖ ਅਧਿਆਪਕ ਸ਼ਹਿਬਾਜ਼ਪੁਰਾ ਪਰਮਾਰ ਵੱਲੋਂ ਕਰਵਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।ਸਾਲ 2024-25 ਦੌਰਾਨ ਸਕੂਲ ਨੂੰ ਸਮਾਰਟ ਸਕੂਲ ਬਣਾਉਣ ਅਤੇ ਪੰਜਵੀਂ ਜਮਾਤ ਵਿੱਚ ਵਿਦਿਆਰਥੀਆਂ ਦੇ ਬਲਾਕ ਵਿੱਚੋਂ ਸਭ ਤੋਂ ਵੱਧ ਨੰਬਰ ਲੈਣ ਤੇ ਹਰਜਿੰਦਰ ਸਿੰਘ ਈਟੀਟੀ ਸਰਕਾਰੀ ਪ੍ਰਾਇਮਰੀ ਸਕੂਲ ਰਾਜਗੜ੍ਹ ਅਤੇ ਕਰਮਜੀਤ ਸਿੰਘ ਈਟੀਟੀ ਸਰਕਾਰੀ ਪ੍ਰਾਇਮਰੀ ਸਕੂਲ ਸ਼ਹਿਬਾਜ਼ਪੁਰਾ ਵੱਲੋਂ ਵਿੱਦਿਅਕ ਪੱਖ ਨੂੰ ਉੱਚਾ ਚੁੱਕਣ,ਜਵਾਹਰ ਨਵੋਦਿਆ ਵਿਦਿਆਲੇ ਵਿੱਚ ਵਿਦਿਆਰਥੀ ਦੀ ਸਿਲੈਕਸ਼ਨ ਹੋਣ ਤੇ ਜਿਥੇ ਉੱਤਮ ਅਧਿਆਪਕ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਉੱਥੇ ਹੀ ਸਾਲ 2025-26 ਦੌਰਾਨ ਦਾਖਲੇ ਵਿੱਚ 22% ਵਾਧਾ ਕਰਨ ਤੇ ਸਰਕਾਰੀ ਪ੍ਰਾਇਮਰੀ ਸਕੂਲ ਮੁਹੰਮਦਪੁਰਾ ਦੇ ਸਕੂਲ ਇੰਚਾਰਜ ਸ੍ਰੀਮਤੀ ਸੁਖਜਿੰਦਰ ਕੌਰ ਅਤੇ 10% ਵਾਧਾ ਕਰਨ ਤੇ ਹਰਜਿੰਦਰ ਸਿੰਘ ਅਤੇ ਮਨਪ੍ਰੀਤ ਕੌਰ ਨੂੰ ਵਿਸ਼ੇਸ਼ ਪ੍ਰਸੰਸਾ ਪੱਤਰ ਦੇ ਕੇ ਹੌਸਲਾ ਅਫਜ਼ਾਈ ਕੀਤੀ ਗਈ। ਇਸ ਮੌਕੇ ਮੁੱਖ ਅਧਿਆਪਕ ਜਸਵਿੰਦਰ ਸਿੰਘ, ਕੁਲਦੀਪ ਕੌਰ, ਸਕੂਲ ਇੰਚਾਰਜ ਬਬਲਜੀਤ ਕੌਰ, ਜਸਵੀਰ ਕੌਰ, ਕਰਮਜੀਤ ਕੌਰ ਲਖਵੀਰ ਕੌਰ ,ਜਸਵਿੰਦਰ ਸਿੰਘ, ਵੈਭਵ ਗੋਇਲ, ਰਾਹੁਲ ਗੋਇਲ, ਬਿੰਦੂ ਸ਼ਰਮਾ ,ਅਮਨਦੀਪ ਕੌਰ ,ਖੇਮ ਰਾਜ ,ਗੁਰਪ੍ਰੀਤ ਸਿੰਘ, ਸਿਮਰਨਜੀਤ ਕੌਰ , ਕਮਲਜੀਤ ਕੌਰ, ਮਨਦੀਪ ਕੌਰ ਆਦਿ ਹਾਜ਼ਰ ਸਨ॥

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਬੇਬੇ ਨਾਨਕੀ ਯੂਨੀਵਰਸਿਟੀ ਕਾਲਜ ਵਿੱਚ ਅੰਤਰਰਾਸ਼ਟਰੀ ਸਾਖ਼ਰਤਾ ਦਿਵਸ ਮਨਾਇਆ ਗਿਆ

**ਕਪੂਰਥਲਾ, ( ਕੌੜਾ )-** ਬੇਬੇ ਨਾਨਕੀ ਯੂਨੀਵਰਸਿਟੀ ਕਾਲਜ (ਲੜਕੀਆਂ), ਫੱਤੂਢੀਂਗਾ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਖਹਿਰਾ ਜੀ ਦੀ ਅਗਵਾਈ ਹੇਠ ਐੱਨ.ਐੱਸ.ਐੱਸ. ਵਿਭਾਗ ਦੇ ਸਹਿਯੋਗ ਨਾਲ 'ਏਕ ਭਾਰਤ ਸ੍ਰੇਸ਼ਟ ਭਾਰਤ' ਯੋਜਨਾ ਤਹਿਤ, ਯੁਥ ਸਰਵਿਸਿਜ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੰਤਰਰਾਸ਼ਟਰੀ ਸਾਖ਼ਰਤਾ ਦਿਵਸ ਮਨਾਇਆ ਗਿਆ। ਇਸ ਸਮਾਰੋਹ ਦੌਰਾਨ ਅੰਗਰੇਜ਼ੀ ਵਿਭਾਗ ਦੀ ਪ੍ਰੋਫੈਸਰ ਅਮਨਪ੍ਰੀਤ ਕੌਰ ਨੇ ਵਿਸ਼ੇਸ਼ ਲੈਕਚਰ ਦਿੰਦੇ ਹੋਏ ਦੱਸਿਆ ਕਿ ਇਹ ਦਿਵਸ ਹਰ ਸਾਲ 8 ਸਤੰਬਰ ਨੂੰ ਵਿਸ਼ਵ ਪੱਧਰ 'ਤੇ ਮਨਾਇਆ ਜਾਂਦਾ ਹੈ, ਤਾਂ ਜੋ ਵਿਅਕਤੀਆਂ ਅਤੇ ਸਮਾਜ ਲਈ ਸਾਖ਼ਰਤਾ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕੀਤੀ ਜਾ ਸਕੇ। ਉਨ੍ਹਾਂ ਨੇ ਸਾਖ਼ਰਤਾ ਨੂੰ ਨਿਆਂਪੂਰਨ ਤੇ ਟਿਕਾਊ ਸੰਸਾਰ ਦੀ ਨੀਂਹ ਦੱਸਦਿਆਂ ਕਿਹਾ ਕਿ ਯੂਨੈਸਕੋ ਨੇ ਇਸ ਦਿਨ ਨੂੰ ਸਿੱਖਿਆ ਦੇ ਪ੍ਰਚਾਰ ਅਤੇ ਵਿਅਕਤੀਗਤ ਸ਼ਕਤੀਕਰਨ ਲਈ ਮਨਾਉਣ ਦੀ ਸ਼ੁਰੂਆਤ ਕੀਤੀ



ਸੀ। ਇਸ ਮੌਕੇ ਪ੍ਰੋਫੈਸਰ ਅਮਰਜੀਤ ਨੇ ਕਿਹਾ ਕਿ ਸਾਖ਼ਰਤਾ ਵਿਅਕਤੀ ਦੀ ਸੋਚ ਨੂੰ ਵਿਸ਼ਾਲ ਬਣਾਉਂਦੀ ਹੈ ਅਤੇ ਉਸਨੂੰ ਜੀਵਨ ਵਿੱਚ ਅੱਗੇ ਵਧਣ ਦੀ ਤਾਕਤ ਪ੍ਰਦਾਨ ਕਰਦੀ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਖਹਿਰਾ ਜੀ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੜ੍ਹਨਾ-ਲਿਖਣਾ ਸਿਰਫ਼ ਗਿਆਨ ਪ੍ਰਾਪਤ ਕਰਨ ਦਾ ਸਾਧਨ ਨਹੀਂ, ਸਗੋਂ ਸਮਾਜਿਕ ਤਰੱਕੀ ਅਤੇ ਵਿਅਕਤੀਗਤ ਵਿਕਾਸ ਲਈ ਬੁਨਿਆਦੀ ਲੋੜ ਹੈ। ਉਨ੍ਹਾਂ ਨੇ ਵਿਦਿਆਰਥਣਾਂ ਨੂੰ ਪ੍ਰੇਰਿਤ ਕੀਤਾ ਕਿ ਸਾਖ਼ਰਤਾ ਵਿਅਕਤੀ ਨੂੰ ਆਤਮ-ਵਿਸ਼ਵਾਸ ਦੇ ਨਾਲ ਭਰ ਦਿੰਦੀ ਹੈ ਅਤੇ ਸਿੱਖਿਆ ਰਾਹੀਂ ਉਹ ਆਪਣਾ ਭਵਿੱਖ ਸੰਵਾਰ ਕੇ ਸਮਾਜ ਤੋਂ ਹਨੇਰਾ ਦੂਰ ਕਰਨ ਵਿੱਚ ਭੂਮਿਕਾ ਨਿਭਾਉਣ। ਇਸ ਮੌਕੇ ਵਿਦਿਆਰਥਣਾਂ ਨੇ ਰਚਨਾਤਮਕ ਲੇਖਣ ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਲੇਖਾਂ ਤੇ ਕਵਿਤਾਵਾਂ ਰਾਹੀਂ ਸਿੱਖਿਆ ਅਤੇ ਸਮਾਜਿਕ ਤਬਦੀਲੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਕਾਰਜਕ੍ਰਮ ਦਾ ਸਮਾਪਨ ਸਾਖ਼ਰਤਾ ਨੂੰ ਉਤਸ਼ਾਹਿਤ ਕਰਨ ਅਤੇ ਇਕ ਸੁਚਾਰੂ, ਸਿੱਖਿਅਤ ਸਮਾਜ ਦੀ ਉਸਾਰੀ ਲਈ ਵਚਨਬੱਧਤਾ ਦੇ ਪ੍ਰਣ ਨਾਲ ਹੋਇਆ। ਇਸ ਮੌਕੇ ਕਾਲਜ ਦਾ ਸਾਰਾ ਸਟਾਫ ਮੌਜੂਦ ਸੀ।

# ਪੰਜਾਬ ਦੇ ਵੀਰਾਂ ਨੇ ਇਤਿਹਾਸ ਦੁਹਰਾਇਆ

## ਹੜ੍ਹ ਦੀ ਮਾਰ ਦੇ ਬਾਵਜੂਦ ਲੋਕਾਂ ਦੀ ਹਿੰਮਤ, ਟੁੱਟੇ ਬੰਨ੍ਹ ਨੂੰ ਖ਼ੁਦ ਰੋਕਿਆ

**ਚੰਡੀਗੜ੍ਹ, ਗੁਰਭਿੰਦਰ ਗੁਰੀ**

ਪੰਜਾਬ ਦੇ ਲੋਕਾਂ ਨੇ ਇੱਕ ਵਾਰ ਫਿਰ ਸਾਬਤ ਕੀਤਾ ਹੈ ਕਿ ਹਿੰਮਤ, ਇਕੱਠ ਅਤੇ ਜਜ਼ਬੇ ਨਾਲ ਕੋਈ ਵੀ ਮੁਸੀਬਤ ਵੱਡੀ ਨਹੀਂ ਹੁੰਦੀ। ਹਾਲ ਹੀ ਵਿੱਚ ਆਏ ਭਾਰੀ ਮੀਂਹ ਕਾਰਨ ਸੂਬੇ ਦੇ ਕਈ ਹਿੱਸਿਆਂ ਵਿੱਚ ਹੜ੍ਹਾਂ ਨੇ ਤਬਾਹੀ ਮਚਾਈ। ਦਰਿਆਵਾਂ ਦਾ ਪਾਣੀ ਟੁੱਟੇ ਬੰਨ੍ਹਾਂ ਰਾਹੀਂ ਪਿੰਡਾਂ ਅਤੇ ਖੇਤਾਂ ਵੱਲ ਵਗਿਆ। ਸਰਕਾਰੀ ਮਸ਼ੀਨਰੀ ਦੇਰ ਨਾਲ ਮੌਕੇ 'ਤੇ ਪਹੁੰਚੀ, ਪਰ ਇਸ ਤੋਂ ਪਹਿਲਾਂ ਹੀ ਪੰਜਾਬ ਦੇ ਵੀਰ ਜਵਾਨਾਂ ਨੇ ਖ਼ੁਦ ਮੋਰਚਾ ਸੰਭਾਲਿਆ ਅਤੇ ਆਪਣੀ ਇਕੱਠੀ ਮਿਹਨਤ ਨਾਲ ਪਾਣੀ ਦੀ ਰਫ਼ਤਾਰ ਨੂੰ ਰੋਕ ਦਿੱਤਾ।

ਦਰਿਆ ਦੀ ਰਫ਼ਤਾਰ ਸਾਹਮਣੇ ਹਿੰਮਤ ਦੀ ਮਿਸਾਲ



ਵੀਡੀਓਜ਼ ਅਤੇ ਤਸਵੀਰਾਂ ਵਿੱਚ ਦੇਖਿਆ ਗਿਆ ਕਿ ਟੁੱਟੇ ਬੰਨ੍ਹ 'ਤੇ ਲੋਕ ਇਕੱਠੇ ਹੋ ਕੇ ਮਿੱਟੀ, ਬੋਰੀਆਂ ਅਤੇ ਟਰੈਕਟਰਾਂ ਦੀ ਮਦਦ ਨਾਲ ਅਸਥਾਈ ਬੰਨ੍ਹ ਤਿਆਰ ਕਰ ਰਹੇ ਸਨ। ਪਾਣੀ ਦੀ ਤੇਜ਼ ਲਹਿਰਾਂ ਜਿਵੇਂ ਉਨ੍ਹਾਂ ਦੀ ਅਟੱਲ ਹਿੰਮਤ ਦੇ ਸਾਹਮਣੇ ਠਹਿਰ ਗਈਆਂ। ਇਹ ਮੰਜ਼ਰ ਦੇਖਣ ਵਾਲਾ ਸੀ ਕਿ ਜਿੱਥੇ ਕੁਦਰਤ ਦੀ ਤਾਕਤ ਸਾਹਮਣੇ ਸਰਕਾਰੀ ਤਿਆਰੀ ਕਮਜ਼ੋਰ ਨਜ਼ਰ ਆਈ, ਓਥੇ ਲੋਕਾਂ ਦੀ ਇਕੱਠੀ ਕੋਸ਼ਿਸ਼ ਬਚਾਵ ਦਾ ਵੱਡਾ ਸਾਧਨ ਬਣੀ।

**ਇਤਿਹਾਸ ਦੀ ਯਾਦ – ਅਕਾਲੀ ਫੂਲਾ ਸਿੰਘ**

ਇਤਿਹਾਸਕਾਰਾਂ ਨੇ ਇਸ ਘਟਨਾ ਨੂੰ ਸਿੱਖ ਇਤਿਹਾਸ ਨਾਲ ਜੋੜਦੇ ਹੋਏ ਕਿਹਾ ਕਿ ਪੰਜਾਬੀਆਂ ਲਈ ਦਰਿਆ ਰੋਕਣਾ ਕੋਈ ਨਵੀਂ ਗੱਲ ਨਹੀਂ। ਮਹਾਨ ਜਰਨੈਲ ਅਕਾਲੀ ਫੂਲਾ ਸਿੰਘ ਨੇ ਅਫਗਾਨਾਂ ਨਾਲ ਯੁੱਧ ਕਰਦਿਆਂ ਅਟਕ ਦਰਿਆ ਰੋਕਣ ਦੀ ਮਿਸਾਲ ਪੇਸ਼ ਕੀਤੀ ਸੀ। ਅੱਜ ਦੇ ਇਹ ਦ੍ਰਿਸ਼ ਉਸੇ ਸ਼ੌਰਿਆ ਦੀ ਯਾਦ ਤਾਜ਼ਾ ਕਰਦੇ ਹਨ। ਜਿਵੇਂ ਉਸ ਵੇਲੇ ਕੌਮ ਨੇ ਇਕੱਠ ਹੋ ਕੇ ਅਸੰਭਵ ਨੂੰ ਸੰਭਵ ਕੀਤਾ ਸੀ, ਓਹੋ ਹੀ ਰੂਹ ਅੱਜ ਦੇ ਪੰਜਾਬੀਆਂ ਵਿੱਚ ਵੀ ਜੀਵੰਤ ਨਜ਼ਰ ਆਈ।

**ਗੁਰੂ ਦੇ ਲਾਲਾਂ ਦੀ ਰੂਹ ਅਜੇ ਵੀ ਜ਼ਿੰਦਾ**

ਸਥਾਨਕ ਪਿੰਡਵਾਸੀਆਂ ਦਾ ਕਹਿਣਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਿਪਾਹੀਆਂ ਦੀ ਰੂਹ ਅੱਜ ਵੀ ਪੰਜਾਬੀਆਂ ਵਿੱਚ ਵੱਸਦੀ ਹੈ। "ਅਸੀਂ ਹਮੇਸ਼ਾ ਸੁਣਿਆ ਸੀ ਕਿ ਸਾਡੇ ਪੂਰਖੇ ਜੰਗਾਂ ਵਿੱਚ ਦਰਿਆ ਰੋਕਦੇ ਸਨ, ਅੱਜ ਆਪਣੀਆਂ ਅੱਖਾਂ ਨਾਲ ਉਹੀ ਦ੍ਰਿਸ਼ ਦੇਖਿਆ," ਇੱਕ ਬਜ਼ੁਰਗ ਨੇ ਦੱਸਿਆ। ਨੌਜਵਾਨਾਂ ਦਾ ਵੀ ਮਨੋਬਲ ਕਾਬਿਲ-ਏ-ਤਾਰੀਫ਼ ਸੀ, ਜਿਹੜੇ ਆਪਣੀਆਂ ਜਾਨਾਂ ਦੀ ਪਰਵਾਹ ਕੀਤੇ ਬਿਨਾਂ ਪਾਣੀ ਦੇ ਵਿਚਕਾਰ ਖੜ੍ਹ ਕੇ ਬੋਰੀਆਂ ਪਾ ਰਹੇ ਸਨ।

**ਲੋਕਾਂ ਦੀ ਹਿੰਮਤ – ਸਰਕਾਰ ਲਈ ਸਵਾਲ**

ਇਹ ਸੱਚ ਹੈ ਕਿ ਲੋਕਾਂ ਦੀ ਹਿੰਮਤ ਕਾਬਿਲ-ਏ-ਤਾਰੀਫ਼ ਹੈ, ਪਰ ਨਾਲ ਹੀ ਇਹ ਸਰਕਾਰ ਲਈ ਇੱਕ ਵੱਡਾ ਸਵਾਲ ਵੀ ਹੈ। ਆਖ਼ਰ ਇਹ ਕੰਮ ਲੋਕਾਂ ਦੇ ਸਿਰ ਕਿਉਂ ਆ ਜਾਂਦਾ ਹੈ? ਬੰਨ੍ਹ ਬਣਾਉਣਾ, ਉਸਦੀ ਮੁਰੰਮਤ ਕਰਨਾ ਅਤੇ ਹੜ੍ਹਾਂ ਤੋਂ ਲੋਕਾਂ ਦੀ ਰੱਖਿਆ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ। ਜੇ ਲੋਕ ਹੀ ਇਹ ਸਭ ਕਰਨ, ਤਾਂ ਫਿਰ ਸਰਕਾਰੀ ਮਸ਼ੀਨਰੀ ਦੀ ਭੂਮਿਕਾ 'ਤੇ ਸਵਾਲ ਖੜ੍ਹਦੇ ਹਨ।

ਹੜ੍ਹਾਂ ਕਾਰਨ ਕਈ ਪਰਿਵਾਰ ਬੇਘਰ ਹੋ ਗਏ ਹਨ। ਖੇਤਾਂ ਵਿੱਚ ਖੜ੍ਹੀ ਫਸਲ ਤਬਾਹ ਹੋ ਗਈ ਹੈ, ਘਰ ਡਿੱਗ ਗਏ ਹਨ ਅਤੇ ਪਸ਼ੂ ਵੀ ਡੁੱਬ ਗਏ ਹਨ। ਲੋਕਾਂ ਨੇ ਮੰਗ ਕੀਤੀ ਹੈ ਕਿ ਸਰਕਾਰ ਤੁਰੰਤ ਮਾਲੀ ਮਦਦ ਦਾ ਐਲਾਨ ਕਰੇ। "ਸਾਡੀ ਮਿਹਨਤ ਨਾਲ ਅਸੀਂ ਦਰਿਆ ਦੀ ਰਫ਼ਤਾਰ ਰੋਕ ਲਈ, ਪਰ ਘਰ ਬਰਬਾਦ ਹੋ ਚੁੱਕੇ ਹਨ। ਸਰਕਾਰ ਜੇ ਸਹਾਇਤਾ ਨਹੀਂ ਕਰੇਗੀ ਤਾਂ ਲੋਕ ਕਿਵੇਂ ਮੁੜ ਖੜ੍ਹੇ ਹੋਣਗੇ?" ਇੱਕ ਪੀੜਤ ਨੇ ਦਿਲੀ ਦਰਦ ਜ਼ਾਹਰ ਕੀਤਾ। ਪਰਿਆਵਰਣ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਹੜ੍ਹਾਂ ਦੀਆਂ ਇਹ ਘਟਨਾਵਾਂ ਆਉਣ ਵਾਲੇ ਸਮਿਆਂ ਵਿੱਚ ਹੋਰ ਵੱਧ ਸਕਦੀਆਂ ਹਨ। ਜਲਵਾਯੂ ਪਰਿਵਰਤਨ, ਬੇਤਰ-ਾਸ਼ਾ ਰੇਤ ਖੁਦਾਈ ਅਤੇ ਦਰਿਆਵਾਂ ਦੇ ਕੁਦਰਤੀ ਪਾਸੇ ਨਾਲ ਛੇੜਛਾੜ ਹੜ੍ਹਾਂ ਨੂੰ ਹੋਰ ਖ਼ਤਰਨਾਕ ਬਣਾ ਰਹੀ ਹੈ। ਇਸ ਲਈ ਸਰਕਾਰਾਂ ਨੂੰ ਲੰਮੇ ਸਮੇਂ ਦੀ ਯੋਜਨਾ ਬਣਾਉਣੀ ਪਵੇਗੀ।

ਪੰਜਾਬ ਦੇ ਲੋਕਾਂ ਨੇ ਇੱਕ ਵਾਰ ਫਿਰ ਇਤਿਹ-ਾਸ ਦੁਹਰਾਇਆ ਹੈ। ਆਪਣੀ ਹਿੰਮਤ ਅਤੇ ਇਕੱਠ ਨਾਲ ਉਹਨਾਂ ਨੇ ਦਰਿਆ ਦੀ ਰਫ਼ਤਾਰ ਨੂੰ ਰੋਕ ਕੇ ਸਾਬਤ ਕੀਤਾ ਹੈ ਕਿ ਗੁਰੂ ਦੇ ਸਿਪਾਹੀਆਂ ਦੀ ਰੂਹ ਅਜੇ ਵੀ ਜ਼ਿੰਦਾ ਹੈ। ਪਰ ਇਹ ਸਵਾਲ ਵੀ ਖੜ੍ਹਾ ਹੁੰਦਾ ਹੈ ਕਿ ਕੀ ਲੋਕ ਹਰ ਵਾਰ ਆਪਣੀ ਜਾਨ ਜੋਖਮ ਵਿੱਚ ਪਾ ਕੇ ਸਰਕਾਰੀ ਜ਼ਿੰਮੇਵਾਰੀਆਂ ਨਿਭਾਉਂਦੇ ਰਹਿਣਗੇ? ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਤੁਰੰਤ ਕਦਮ ਚੁੱਕੇ, ਪੀੜਤਾਂ ਨੂੰ ਮਦਦ ਮੁਹੱਈਆ ਕਰਵਾਏ ਅਤੇ ਭਵਿੱਖ ਲਈ ਪੱਕੀਆਂ ਯੋਜਨਾਵਾਂ ਬਣਾਵੇ।

# ਅਕਾਲੀ ਦਲ ਵੱਲੋਂ ਹੜ੍ਹ ਪੀੜਤਾਂ ਲਈ ਵੱਡਾ ਰਾਹਤ ਪੈਕੇਜ ਐਲਾਨ

**ਚੰਡੀਗੜ੍ਹ:ਗੁਰਭਿੰਦਰ ਗੁਰੀ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਹੜ੍ਹ ਪੀੜਤ ਕਿਸਾਨਾਂ ਤੇ ਲੋਕਾਂ ਲਈ ਵਿਆਪਕ ਰਾਹਤ ਯੋਜਨਾ ਦਾ ਐਲਾਨ ਕੀਤਾ। ਉਹਨਾਂ ਕਿਹਾ ਕਿ ਕਿਸਾਨਾਂ ਨੂੰ ₹50,000 ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ ਅਤੇ ਖੇਤ ਮਜ਼ਦੂਰਾਂ ਨੂੰ ਵੀ ਰਾਹਤ ਮਿਲੇ। ਪਾਰਟੀ ਵੱਲੋਂ 500 ਟਰੱਕ ਮੱਕੀ ਦਾ ਆਚਾਰ, 500 ਟਰੱਕ ਹਰਾ ਚਾਰਾ, 500 ਫੋਗਿੰਗ ਮਸ਼ੀਨਾਂ, 1 ਲੱਖ ਏਕੜ ਲਈ ਮਿਆਰੀ ਬੀਜ ਅਤੇ 30 ਹਜ਼ਾਰ ਕੁਇੰਟਲ ਕਣਕ



ਵੰਡਣ ਦੀ ਘੋਸ਼ਣਾ ਕੀਤੀ ਗਈ ਹੈ। SGPC ਵੱਲੋਂ 125 ਮੈਡੀਕਲ ਟੀਮਾਂ ਅਤੇ 25 ਵੈਟਨਰੀ ਟੀਮਾਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਤਾਇਨਾਤ ਕੀਤੀਆਂ ਜਾਣਗੀਆਂ। ਬਾਦਲ ਨੇ ਕੇਂਦਰ ਅਤੇ ਰਾਜ ਸਰਕਾਰ ਤੋਂ ਮੰਗ ਕੀਤੀ ਕਿ ਹੜ੍ਹ ਮਾਰੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕੀਤਾ ਜਾਵੇ, ਮ੍ਰਿਤਕ ਪਰਿਵਾਰਾਂ ਨੂੰ ₹10 ਲੱਖ, ਪਸ਼ੂਆਂ ਦੇ ਨੁਕਸਾਨ ਲਈ ₹1 ਲੱਖ ਪ੍ਰਤੀ ਪਸ਼ੂ ਅਤੇ ਘਰਾਂ ਤੇ ਫਸਲਾਂ ਦਾ ਪੂਰਾ ਮੁਆਵਜ਼ਾ ਦਿੱਤਾ ਜਾਵੇ। ਉਹਨਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਲਈ ₹20 ਹਜ਼ਾਰ ਕਰੋੜ ਦਾ ਰਾਹਤ ਪੈਕੇਜ ਐਲਾਨ ਕਰਨ ਅਤੇ ਰਾਹਤ ਵੰਡ ਦੀ ਨਿਗਰਾਨੀ ਲਈ ਖਾਸ ਕਮੇਟੀ ਬਣਾਈ ਜਾਵੇ।

# ਦਰਿਆਵਾਂ ਨਹਿਰਾਂ ਦੀ ਸਫਾਈ ਲਈ ਕਰੋੜਾਂ ਰੁਪਈਆ ਕਿਸ ਨੇ ਹਜ਼ਮ ਕੀਤਾ- ਇੰਜ਼. ਲਾਲਕਾ

**ਮਾਛੀਵਾੜਾ ਸਾਹਿਬ/ ਬਲਬੀਰ ਸਿੰਘ ਬੱਬੀ**

ਪੰਜਾਬ ਦੀ ਅਨੇਕਾਂ ਇਲਾਕਿਆਂ ਦੇ ਲੋਕ ਹੜਾਂ ਦੀ ਮਾਰ ਹੇਠ ਆਏ ਹੜ੍ਹਾਂ ਨੇ ਘਰ ਘਾਟ ਜਮੀਨ ਸਮਾਨ ਮਸ਼ੀਨਰੀ ਸਭ ਕੁਝ ਤਬਾਹ ਕਰ ਦਿੱਤਾ ਹਾਲੇ ਲੰਮਾ ਸਮਾਂ ਹੜ ਵਿੱਚ ਘਿਰੇ ਲੋਕਾਂ ਦੀ ਜ਼ਿੰਦਗੀ ਲੀਹ ਉੱਤੇ ਨਹੀਂ ਆ ਸਕਦੀ ਇਸ ਸਾਰੇ ਕਾਸੇ ਦੇ ਲਈ ਜਿੰਮੇਵਾਰ ਹੈ ਪੰਜਾਬ ਸਰਕਾਰ, ਇੱਕ ਪਾਸੇ ਤਾਂ ਪੰਜਾਬ ਸਰਕਾਰ ਦੇ ਮੰਤਰੀ ਮੰਡਲ ਵਿਚਲੇ ਸੀਨੀਅਰ ਮੰਤਰੀ ਬਰਿੰਦਰ ਗੋਇਲ ਇਹ ਗੱਲ ਕਹਿ ਰਹੇ ਹਨ ਇਹ ਸਰਕਾਰ ਨੇ ਵੱਡੀ ਰਾਸ਼ੀ ਦਰਿਆਵਾਂ ਨਹਿਰਾਂ ਸੂਇਆ ਦੀ ਸਫਾਈ ਲਈ ਜਾਰੀ ਕੀਤੀ ਕਿਸੇ ਨੇ ਭੋਰਾ ਵੀ ਸਫਾਈ ਨਹੀਂ ਕਰਾਈ ਜੇਕਰ ਸਫਾਈ ਕਰਾਈ ਹੁੰਦੀ ਤਾਂ ਪੰਜਾਬ ਦੇ ਬਹੁਤੇ ਲੋਕਾਂ ਦਾ ਇਹ ਹਾਲ ਨਾ ਹੁੰਦਾ ਲੱਖਾਂ ਰੁਪਇਆ ਸਰਕਾਰ ਨੇ ਸਫਾਈ ਵਾਲੀ ਸਕੀਮ ਵਿੱਚ ਲਿਆਂਦਾ ਫਿਰ ਹਜਮ ਕਰ ਦਿੱਤਾ। ਇਹ ਪੰਜਾਬ ਦੇ ਲੋਕਾਂ ਨਾਲ ਵੱਡੀ ਬੇਈਮਾਨੀ ਹੈ। ਇਹ ਵਿਚਾਰ ਪੰਜਾਬ ਵਿੱਚ ਆਏ ਹੜਾਂ ਦੇ ਸਬੰਧ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਐਸ ਸੀ ਵਿੰਗ ਦੇ ਸੀਨੀਅਰ



ਆਗੂ ਇੰਜਨੀਅਰ ਬਲਵਿੰਦਰ ਲਾਲਕਾ ਨੇ ਕੀਤਾ।

ਉਹਨਾਂ ਕਿਹਾ ਇਧਰ ਮਰਜੀ ਚਲੇ ਜਾਵੋ ਲੋਕ ਹੀ ਲੋਕਾਂ ਦੀ ਮੱਦਦ ਕਰ ਰਹੇ ਹਨ ਸਰਕਾਰ ਹੜਾਂ ਦੇ ਵਿੱਚੋਂ ਗਾਇਬ ਹੈ।

# ਸੰਤ ਬਾਬਾ ਅਮੀਰ ਸਿੰਘ ਜੀ ਨੇ ਸੰਗਤਾਂ ਦੇ ਸਹਿਯੋਗ ਨਾਲ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਕੀਤੀ ਰਵਾਨਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਗੁਰਮਤਿ ਸੰਗੀਤ ਦੀ ਪ੍ਰਫੁੱਲਤਾ, ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਦੇ ਨਾਲ ਨਾਲ ਮਨੁੱਖੀ ਸੇਵਾ ਕਾਰਜਾਂ ਵਿੱਚ ਵੀ ਆਪਣੀ ਅਹਿਮ ਭੂਮਿਕਾ ਨਿਭਾਉਣ ਵਾਲੀ ਜਵੱਦੀ ਟਕਸਾਲ ਇੱਕ ਅਜਿਹੀ ਸੰਸਥਾ ਹੈ ਜਿਸ ਨੇ ਪਿਛਲੇ ਸਮੇਂ ਦੌਰਾਨ ਪੰਜਾਬ ਅੰਦਰ ਆਈਆਂ ਕੁਦਰਤੀ ਆਫਤਾਂ ਦੇ ਸਮੇਂ ਆਪਣੀ ਸਰਗਰਮ ਭੂਮਿਕਾ ਨਿਭਾ ਕੇ ਮਨੁੱਖਤਾ ਦੀ ਸੱਚੀ ਸੇਵਾ ਦੀ ਮਿਸਾਲ ਕਾਇਮ ਕੀਤੀ ਹੈ ਅਤੇ ਹੁਣ ਪੰਜਾਬ ਦੇ ਅੰਦਰ ਆਏ ਹੜ੍ਹਾਂ ਦੌਰਾਨ ਪਾਣੀ ਦੀ ਮਾਰ ਝੱਲ ਰਹੇ ਇਲਾਕਿਆਂ ਅੰਦਰ ਪੂਰੀ ਤਨਦੇਹੀ ਨਾਲ ਰਾਹਤ ਕਾਰਜ ਚਲਾ ਰਹੇ ਹਨ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ ਲੁਧਿਆਣਾ ਨੇ ਅੱਜ ਗੁਰਦੁਆਰਾ ਗੁਰੂ ਗਿਆਨ ਪ੍ਰਕਾਸ਼ ਤੋ ਇਲਾਕੇ ਦੀਆਂ ਸੰਗਤਾਂ ਦੇ ਨਿੱਘੇ ਸਹਿਯੋਗ ਨਾਲ ਹੜ੍ਹ ਪੀੜਤਾਂ ਦੀ ਮਦਦ ਲਈ ਇਕੱਤਰ ਕੀਤੀ ਗਈ ਰਾਹਤ ਸਮੱਗਰੀ ਦੀਆਂ ਕਿੱਟਾਂ ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਅਜਨਾਲਾ ਸਰਹੱਦੀ ਇਲਾਕੇ ਦੇ ਪਿੰਡਾਂ ਅੰਦਰ ਸਥਾਪਿਤ ਕੀਤੇ ਗਏ ਰਾਹਤ ਕੈਪਾਂ ਵਿੱਚ ਪਹੁੰਚਾਣ ਵਾਲੇ ਵਲੰਟੀਅਰਾਂ ਦੀ ਟੀਮ ਨੂੰ ਰਵਾਨਾ ਕਰਦਿਆਂ ਹੋਇਆਂ ਕੀਤਾ। ਆਪਣੀ ਗੱਲਬਾਤ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਅਜਨਾਲਾ ਤੇ



ਡੇਰਾ ਬਾਬਾ ਨਾਨਕ ਦੇ ਸਰਹੱਦੀ ਖੇਤਰ ਦੇ 50 ਤੋਂ ਵੱਧ ਪਿੰਡ ਜੋ ਕਿ ਇਸ ਵੇਲੇ ਪੂਰੀ ਤਰ੍ਹਾਂ ਪਾਣੀ ਨਾਲ ਪ੍ਰਭਾਵਿਤ ਹੋਏ ਹਨ, ਉੱਥੋਂ ਦੇ ਸਥਾਨਕ ਨਿਵਾਸੀਆਂ ਨੂੰ ਸੁਰੱਖਿਅਤ ਕਰਨ, ਦਵਾਈਆਂ, ਰਾਸ਼ਨ, ਪੀਣ ਵਾਲਾ ਪਾਣੀ ਅਤੇ ਮੁੱਢਲੀਆਂ ਲੋੜਾਂ ਦਾ ਘਰੇਲੂ ਸਮਾਨ, ਪਸ਼ੂਆਂ ਲਈ ਹਰਾ ਤੇ ਸੁੱਕਾ ਚਾਰਾ ਉਪਲੱਬਧ ਕਰਵਾਉਣ ਵਿੱਚ ਜਵੱਦੀ ਟਕਸਾਲ ਦੇ ਵਲੰਟੀਅਰ ਪੂਰੀ ਤਨਦੇਹੀ ਨਾਲ ਸੇਵਾ ਕਾਰਜਾਂ ਵਿੱਚ ਜੁੱਟੇ ਹੋਏ ਹਨ ਤੇ ਰਾਹਤ ਕਾਰਜਾਂ ਵਿੱਚ ਆਪਣਾ ਮੋਹਰੀ ਯੋਗਦਾਨ ਪਾ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਅਜਨਾਲਾ ਖੇਤਰ ਦੇ ਪਿੰਡਾਂ ਦੇ ਵਸਨੀਕਾਂ ਨੂੰ ਜਵੱਦੀ ਟਕਸਾਲ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਜਾਣਗੀਆਂ । ਇਸੇ ਮਿਸ਼ਨ ਦੀ ਪ੍ਰਾਪਤੀ ਲਈ ਅੱਜ ਹੜ੍ਹ ਪੀੜਤਾਂ ਲਈ ਫੂਡ ਕਿੱਟਾਂ ਭੇਜੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਇਲਾਕੇ ਦੀ ਸੰਗਤ ਵੱਲੋਂ ਜਵੱਦੀ ਟਕਸਾਲ ਨੂੰ ਦਿੱਤੇ ਗਏ ਨਿੱਘੇ ਸਹਿਯੋਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਕਟ ਦੀ ਘੜੀ ਵਿੱਚ ਲੋੜਵੰਦਾਂ ਦੀ ਮਦਦ ਕਰਨੀ ਇਨਸਾਨ ਦਾ ਇਖ਼ਲਾਕੀ ਫ਼ਰਜ਼ ਹੈ ਅਤੇ ਸੰਗਤਾਂ ਨੇ ਇਹ ਮਾਨਵਪੱਖੀ ਸੇਵਾ ਕਰਕੇ ਸ਼ਲਾਘਾਯੋਗ ਉਪਰਾਲਾ ਕੀਤਾ ਹੈ । ਇਸ ਦੌਰਾਨ ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ ਨੇ ਵਲੰਟੀਅਰਾਂ ਨੂੰ ਰਾਹਤ ਸਮੱਗਰੀ ਵਾਲੀ ਗੱਡੀ ਰਾਹੀਂ ਜੈਕਾਰਿਆਂ ਦੀ ਗੂੰਜ ਵਿੱਚ ਰਵਾਨਾ ਕੀਤਾ।

# ਸਲੇਮਪੁਰ ਵਿੱਚ ਦਰਸ਼ਨ ਮਸੀਹ ਮੈਂਬਰ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦਾ ਕੀਤਾ ਸਨਮਾਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਸਰਕਾਰ ਵੱਲੋਂ ਕ੍ਰਿਸ਼ਚੀਅਨ ਮੈਡੀਕਲ ਕਾਲਜ ਅਤੇ ਹਸਪਤਾਲ ਲੁਧਿਆਣਾ ਵਿੱਚ ਤੈਨਾਤ ਸੀਨੀਅਰ ਲੈਬ ਤਕਨੀਸ਼ੀਅਨ ਦਰਸ਼ਨ ਮਸੀਹ ਨੂੰ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਚੰਡੀਗੜ੍ਹ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ, ਨੇ ਅੱਜ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਜਿੱਥੇ ਤੇਜ ਬਾਰਿਸ਼ ਨੇ ਘਰਾਂ ਅਤੇ ਫਸਲਾਂ ਦਾ ਨੁਕਸਾਨ ਕੀਤਾ ਹੈ। ਇਸ ਮੌਕੇ ਉਨ੍ਹਾਂ ਕਿਹਾ ਪੰਜਾਬ ਦੇ ਘੱਟ ਗਿਣਤੀ ਵਿੱਚ ਆਉਂਦੇ ਸਮਾਜ ਵੱਲੋਂ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਵੇਲੇ ਸਮੁੱਚੇ ਪੰਜਾਬ ਦੀ ਹਾਲਤ ਬਹੁਤ ਹੀ ਖ਼ਰਾਬ ਬਣੀ ਹੋਈ ਹੈ



ਪਰ ਫਿਰ ਵੀ ਮੁੜ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਸੂਬੇ ਦੇ ਲੋਕਾਂ ਦੇ ਹੌਂਸਲੇ ਬੁਲੰਦ ਹਨ। ਇਸੇ ਦੌਰਾਨ ਉਹ ਪਿੰਡ ਸਲੇਮ-ਪੁਰ ਵਿੱਚ ਵੀ ਗਏ, ਜਿੱਥੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮਾਜ ਸੇਵਕ ਰਤਨ ਸਿੰਘ ਰੰਧਾਵਾ ਅਤੇ ਪੰਚਾਇਤ ਮੈਂਬਰ ਕੁਲਦੀਪ ਸਿੰਘ ਤੋਂ ਇਲਾਵਾ ਹੋਰ ਪਿੰਡ ਵਾਸੀ ਵੀ ਮੌਜੂਦ ਸਨ।

# ਸਮੂਹ ਸਫਾਈ ਸੇਵਕਾਂ ਵੱਲੋਂ ਪੱਕੇ ਹੋਣ ਦੀ ਖ਼ੁਸ਼ੀ ਵਿੱਚ ਮਾਣਯੋਗ ਡਿਪਟੀ ਸਪੀਕਰ ਸ.ਜੈ ਕ੍ਰਿਸ਼ਨ ਸਿੰਘ ਰੌੜੀ ਨੂੰ ਕੀਤਾ ਗਿਆ ਸਨਮਾਨਿਤ




**ਹੁਸ਼ਿਆਰਪੁਰ/ਗੜ੍ਹਸ਼ੰਕਰ (ਬਲਵੀਰ ਚੌਂਪੜਾ)** ਨਗਰ ਕੌਂਸਲ ਗੜ੍ਹਸ਼ੰਕਰ ਵਿਖੇ ਕਾਰਜ ਸਾਧਕ ਅਫ਼ਸਰ ਮਦਨ ਸਿੰਘ ਜੀ ਦੀ ਅਗਵਾਈ ਹੇਠ ਸਮੂਹ ਸਫਾਈ ਸੇਵਕਾਂ ਵੱਲੋਂ ਪੱਕੇ ਹੋਣ ਦੀ ਖੁਸ਼ੀ ਵਿੱਚ ਮਾਣਯੋਗ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਸ. ਜੈ ਕ੍ਰਿਸ਼ਨ ਸਿੰਘ ਰੌੜੀ ਜੀ ਅਤੇ ਕਾਰਜਕਾਰੀ ਪ੍ਰਧਾਨ ਸ੍ਰੀਮਤੀ ਜਸਵਿੰਦਰ ਕੌਰ ਮਾਨ ਜੀ ਨੂੰ ਸਨਮਾਨਿਤ ਕੀਤਾ ਗਿਆ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਸਮੂਹ ਕੌਂਸਲਰ ਸਹਿਬਾਨਾਂ ਵਲੋਂ ਡਿਪਟੀ ਸਪੀਕਰ ਸ .ਜੈ ਕ੍ਰਿਸ਼ਨ ਸਿੰਘ ਰੌੜੀ ਦਾ ਵਿਸ਼ੇਸ਼ ਤੌਰ ਧੰਨਵਾਦ ਕੀਤਾ ਗਿਆ , ਜਿਹਨਾਂ ਵਿੱਚ ਸੀਨੀਅਰ ਮੀਤ ਪ੍ਰਧਾਨ ਕ੍ਰਿਪਾਲ ਪਾਲਾ , ਸੁਮਿਤ ਸੋਨੀ, ਦੀਪਕ ਕੁਮਾਰ, ਹਰਪ੍ਰੀਤ ਸਿੰਘ , ਸ੍ਰੀਮਤੀ ਭਾਵਨਾ ਕ੍ਰਿਪਾਲ, ਸ਼ਾਮਿਲ ਸਨ। ਇਹਨਾਂ ਤੋਂ ਇਲ-ਾਵਾ ਸ਼ਹਿਰ ਦੇ ਨੰਬਰਦਾਰ ਸ਼੍ਰੀ ਹਰਿੰਦਰ ਸਿੰਘ ਮਾਨ , ਚੇਅਰਮੈਨ ਬਲਦੀਪ ਸਿੰਘ ਸੈਣੀ, ਸਾਬਕਾ ਸਰਪੰਚ ਤਰਸੇਮ ਰਾਣਾ ਰਾਮਪੁਰ (ਬਿਲੜੋਂ), ਦਲਵੀਰ ਸਿੰਘ ਰਾਜੂ , ਲੇਖ ਰਾਜ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਗਰ ਕੌਂਸਲ ਗੜ੍ਹਸ਼ੰਕਰ ਦਾ ਸਮੂਹ ਸਟਾਫ ਦੇ ਕਰਮਚਾਰੀ ਹਾਜ਼ਰ ਸਨ।

# ਆਸਰਾ ਫਾਊਂਡੇਸ਼ਨ ਵਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਵੰਡੀ ਰਾਹਤ ਸਮੱਗਰੀ ਹੜ੍ਹ ਪੀੜਤ ਲੋਕਾਂ ਦੀ ਲੋੜ ਅਨੁਸਾਰ ਹੋਰ ਸਹਾਇਤਾ ਅਤੇ ਜ਼ਰੂਰਤਾਂ ਪੂਰਾ ਕਰਨ ਦਾ ਦਿੱਤਾ ਭਰੋਸਾ

**ਸ੍ਰੀ ਅਨੰਦਪੁਰ ਸਾਹਿਬ।** ਇਲਾਕੇ ਦੀ ਸਮਾਜ ਸੇਵਾ ਨੂੰ ਸਮਰਪਿਤ ਸੰਸਥਾ ਆਸਰਾ ਫਾਊਂਡੇਸ਼ਨ (ਰਜਿ:) ਸ੍ਰੀ ਅਨੰਦਪੁਰ ਸਾਹਿਬ ਵਲੋਂ ਹੜ੍ਹ ਦੀ ਮਾਰ ਹੇਠਾਂ ਆਏ ਇਲਾਕਿਆਂ ਦਾ ਦੌਰਾ ਕੀਤਾ ਅਤੇ ਪੀੜਤਾਂ ਲਈ ਰਾਹਤ ਸਮੱਗਰੀ ਵੰਡੀ ਗਈ। ਇਸ ਮੌਕੇ ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਮਾਸਟਰ ਸੰਜੀਵ ਧਰਮਾਣੀ ਨੇ ਦੱਸਿਆ ਕਿ ਸੰਸਥਾ ਵੱਲੋਂ ਹੜ੍ਹ ਪ੍ਰਭਾਵਿਤ ਪਿੰਡ ਭਲਾਣ, ਭਨਾਮ, ਪਲਾਸੀ, ਬੇਲਾ ਧਿਆਨੀ ਆਦਿ ਪਿੰਡਾਂ ਵਿਚ ਜਾਕੇ ਜਿਥੇ ਮੈਡੀਕਲ ਟੀਮਾਂ ਨੂੰ ਬੀ ਪੀ ਮਸ਼ੀਨ, ਥਰਮਾਮੀਟਰ, ਜਰੂਰਤ ਅਨੁਸਾਰ ਦਵਾਈਆਂ ਦਿੱਤੀਆਂ ਗਈਆਂ ਉਥੇ ਹੀ ਹੜ੍ਹ ਪੀੜਤਾਂ ਨੂੰ ਪਾਣੀ ਦੀਆਂ ਬੋਤਲਾਂ, ਰਸ, ਬਿਸਕੁਟ, ਫਲ, ਆਡੋਮੋਸ, ਸੈਨੀਟਰੀ ਪੈਡਸ ਅਤੇ ਹੋਰ ਜਰੂਰਤ ਦਾ ਸਮਾਨ ਵੰਡਿਆ ਗਿਆ। ਇਸ ਤੋਂ ਇਲਾਵਾ ਸੰਸਥਾ ਵਲੋਂ ਪੀੜਤ ਪਰਿਵਾਰਾਂ ਦੇ ਘਰਾਂ ਦਾ ਵੀ ਦੌਰਾ ਕੀਤਾ





ਗਿਆ, ਜਿੱਥੇ ਸਤਲੁਜ ਦਰਿਆ ਦਾ ਪਾਣੀ ਪਿੰਡਾਂ ਦੇ ਕਈ ਹਿੱਸਿਆਂ ਵਿੱਚ ਵਹਿੰਦਾ ਮਿਲਿਆ। ਇਸ ਮੌਕੇ ਸੰਸਥਾ ਵਲੋਂ ਹੜ੍ਹ ਪੀੜਤ ਲੋਕਾਂ ਦੀ ਲੋੜ ਅਨੁਸਾਰ ਹੋਰ ਸਹਾਇਤਾ ਅਤੇ ਜ਼ਰੂਰਤਾਂ ਪੂਰਾ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਪਿੰਡ ਭਨਾਮ ਦੇ ਸਰਪੰਚ ਦੇਵਰਾਜ ਅਤੇ ਸਮੂਹ ਮੈਡੀਕਲ ਟੀਮਾਂ ਵਲੋਂ ਆਸਰਾ ਫਾਊਂਡੇਸ਼ਨ ਦਾ ਵਿਸ਼ੇਸ਼ ਤੋਰ ਤੇ ਧੰਨਵਾਦ ਵੀ ਕੀਤਾ ਗਿਆ। ਇਸ ਮੌਕੇ ਅੰਕੁਸ਼ ਕੁਮਾਰ, ਦਵਿੰਦਰਪਾਲ ਸਿੰਘ, ਜਸਦੀਪ ਸਿੰਘ ਧਾਰੀਵਾਲ, ਡਾ.ਮਨਦੀਪ ਸਿੰਘ, ਮਹਿੰਦਰਮੋਹਨ ਸਿੰਘ, ਸਤਿੰਦਰਪਾਲ ਸਿੰਘ, ਅਜੇ ਕੁਮਾਰ, ਗੁਰਪ੍ਰੀਤ ਸਿੰਘ, ਨਵਜੀਤ ਸਿੰਘ, ਧੀਰਜ ਘਈ, ਰਾਜ ਘਈ, ਦਿਲਜੋਤ ਸਿੰਘ ਆਦਿ ਹਾਜ਼ਰ ਸਨ।

# ਅੱਜ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਸੜੋਆ ਦੀ ਮੀਟਿੰਗ ਹੋਈ



**ਸੜੋਆ (ਚਰਨਜੀਤ ਸੱਲ੍ਹਾਂ )** ਅੱਜ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਸੜੋਆ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਜ਼ਿਲ੍ਹਾ ਚੇਅਰਮੈਨ ਡਾਕਟਰ ਸੁਰਿੰਦਰ ਪਾਲ ਸਿੰਘ ਜੈਨ ਪੁਰ ਹਾਜ਼ਰ ਇਹ ਮੀਟਿੰਗ ਬਾਬਾ ਸ੍ਰੀ ਚੰਦ ਜੀ ਦੇ ਜਨਮ ਦਿਨ ਨੂੰ ਸਮਰਪਿਤ ਕੀਤੀ ਗਈ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਚੱਲਣ ਦਾ ਪ੍ਰਣ ਕੀਤਾ ਗਿਆ ਇਸ ਦੌਰਾਨ ਉਨ੍ਹਾਂ ਬੋਲਦਿਆਂ ਕਿਹਾ ਕਿ ਪੰਜਾਬ ਵਿੱਚ ਆਏ ਕੁਦਰਤੀ ਹੜਾਂ ਦੇ ਹੋਏ ਨੁਕਸਾਨ ਦਾ ਜਥੇਬੰਦੀ ਦੁਖ ਪ੍ਰਗਟ ਕਰਦੀ ਹੈ ਹੜ ਪੀੜਤਾਂ ਲਈ ਐਸੋਸੀਏਸ਼ਨ ਲਗਾਤਾਰ ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਕਾਲਖ ਦੀ ਰਹਿਨੁਮਾਈ ਹੇਠ ਲਗਾਏ ਗਏ ਕੈਂਪਾ ਦੀ ਸ਼ਲਾਘਾ ਕੀਤੀ ਅਤੇ ਮੈਡੀਕਲ ਕੈਂਪ ਨੂੰ ਚਲਦਾ ਰੱਖਣ ਅਤੇ ਮੈਡੀਕਲ ਸੇਵਾਵਾਂ ਦੇਣ ਲਈ ਸਾਡਾ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਆਪਣੀਆ ਸੇਵਾਵਾਂ ਨਿਭਾਈਆਂ ਜਾਣਗੀਆਂ ਇਸ ਦੌਰਾਨ ਸਮੂਹ ਮੈਂਬਰਾਂ ਨੂੰ ਜਥੇਬੰਦੀ ਦੇ ਸਰਟੀਫਿਕੇਟ ਆਈ ਕਾਰਡ ਤੇ ਕਲੀਨਿਕ ਦੇ ਫਲੈਕਸ ਬੋਰਡ ਵੰਡੇ ਗਏ ਇਸ ਦੌਰਾਨ ਹਾਜ਼ਰ ਹੋਏ ਡਾਕਟਰ ਜਗਤਾਰ ਸਿੰਘ ਡਾਕਟਰ ਪ੍ਰੇਮ ਡਾਕਟਰ ਜਗਜੀਵਨ ਰਾਮ ਡਾਕਟਰ ਹਰਮੇਸ਼ ਲਾਲ ਡਾਕਟਰ ਅਮਰਜੀਤ ਸਿੰਘ ਡਾਕਟਰ ਰਾਕੇਸ਼ ਡਾਕਟਰ ਇਕਬਾਲ ਸਿੰਘ ਡਾਕਟਰ ਜੋਗ ਰਾਜ ਡਾਕਟਰ ਹੈਪੀ ਡਾਕਟਰ ਦਿਲਬਾਗ ਸਿੰਘ ਡਾਕਟਰ ਹੰਸ ਰਾਜ ਡਾਕਟਰ ਸ਼ੇਰ ਸਿੰਘ ਡਾਕਟਰ ਗੁਰਦੇਵ ਸਿੰਘ ਡਾਕਟਰ ਅਮਰਜੀਤ ਡਾਕਟਰ ਲਲਿਤ ਡਾਕਟਰ ਨਿਰਮਲ ਸਿੰਘ ਡਾਕਟਰ ਜਸਵੀਰ ਮੋਜੋਵਾਲ ਪ੍ਰੈਸ ਸਕੱਤਰ ਡਾਕਟਰ ਬਲਵੀਰ ਮਾਨ ਆਦਿ ਹਾਜ਼ਰ ਸਨ 9417175640

# ਕੁਦਰਤ ਤੋਂ ਵੱਧ ਲੋਕ ਪੰਜਾਬ ਸਰਕਾਰ ਦੀ ਬੇਰੁਖੀ ਤੋਂ ਦੁਖੀ ਸਰਕਾਰ ਲੋਕਾਂ ਦੇ ਪੁਨਰ ਵਾਸ ਲਈ ਤਤਕਾਲ ਕਦਮ ਉਠਾਏ ਅਤੇ ਲੋਕਾਂ ਨੂੰ ਤੁਰੰਤ ਮੁਆਵਜਾ ਦੇਵੇ : ਗਰੇਵਾਲ ਤੇ ਵੜੈਚ





**ਰਾਏਕੋਟ ਗੁਰਭਿੰਦਰ ਗੁਰੀ**
ਅੱਜ ਕੁੱਲ ਹਿੰਦ ਕਿਸਾਨ ਸਭਾ ਦੇ ਜਨਰਲ ਸਕੱਤਰ ਬਲਜੀਤ ਸਿੰਘ ਗਰੇਵਾਲ ਅਤੇ ਸਕੱਤਰ ਸਤਨਾਮ ਸਿੰਘ ਵੜੈਚ ਨੇ ਪੰਜਾਬ ਸਰਕਾਰ ਦੀ ਲੋਕਾਂ ਪ੍ਰਤੀ ਜ਼ਿੰਮੇਵਾਰੀ ਤੇਇਹੋ ਜਿਹੇ ਸੰਜੀਦਾ ਹਾਲਤਾਂ ਵਿੱਚ ਬੇਰੁਖੀ ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅੱਜ ਪੰਜਾਬ ਹੜਾਂ ਦੀ ਮਾਰ ਹੇਠ ਹੈ ਕਿਸਾਨਾਂ ਦੀ ਫਸਲ ਬਿਲਕੁਲ ਤਬਾਹ ਹੋ ਗਈ ਹੈ ਤੇ ਲੋਕਾਂ ਦੇ ਪਸ਼ੂ ਧਨ ਦਾ ਵੱਡਾ ਨੁਕਸਾਨ ਹੋਇਆ ਹੈ ਪੋਲਟਰੀ ਵੀ ਤਬਾਹ ਹੋ ਗਈ ਹੈ ਮੱਛੀ ਪਾਲਣ ਵਾਲੇ ਲੋਕਾਂ ਦੇ ਤਲਾਬਾਂ ਚੋਂ ਸਾਰੀ ਮੱਛੀ ਬਹਿ ਗਈ ਹੈ ਤੇ ਘਰ ਹਾਲੇ ਤੱਕ ਵੀ ਦਿਖਾਈ ਨਹੀਂ ਦਿੰਦੇ ਤੇ ਜੋ ਸੈਂਕੜੇ ਜਾਨਾਂ ਦਾ ਦੁਖਦਾਈ ਨੁਕਸਾਨ ਹੋ ਗਿਆ ਹੈ ਇਹ ਸਭ ਹੋਣ ਦੇ ਬਾਵਜੂਦ ਕਿੰਨੇ ਦੁੱਖ ਦੀ ਗੱਲ ਹੈ ਕਿ ਸਰਕਾਰ ਚੁੱਪ ਬੈਠੀ ਹੈ ਤੇ ਆਪਣੀ ਨੈਤਿਕ ਤੇ ਕਾਨੂੰਨੀ ਜਿੰਮੇਵਾਰੀ ਤੋਂ ਭੱਜੀ ਹੋਈ ਨਜ਼ਰ ਆਉਂਦੀ ਹੈ
ਜਦ ਕਿ ਪੰਜਾਬ ਹਰਿਆਣਾਤੇ ਰਾਜਸਥਾਨ ਦੇ ਲੋਕਾਂ ਨੇ ਇਥੋਂ ਤੱਕ ਕਿ ਗਾਇਕ ਇੰਡਸਟਰੀ ਨੂੰ ਪੰਜਾਬ ਦਾ ਨੁਕਸਾਨ ਦਿਖਾਈ ਦਿੱਤਾ ਹੈ ਜੋ ਲਗਾਤਾਰ ਆਪਣੀ ਪਹੁੰਚ ਤੋਂ ਵੱਧ ਹੜਾਂ ਦੀ ਮਾਰ ਚ ਆਏ ਲੋਕਾਂ ਦੀ ਮਦਦ ਕਰ ਰਹੀ ਹੈ ਪਰ ਸਰਕਾਰ ਦੀ ਬੇ ਸਰਮੀ ਹੱਦਾਂ ਪਾਰ ਕਰ ਚੁੱਕੀ ਹੈ ਹਾਲੇ ਤੱਕ ਲੋਕਾਂ ਨੂੰ ਫੌਰੀ ਮਦਦ ਲਈ ਕੋਈ ਵੀ ਬਿਆਨ ਤੱਕ ਨਹੀਂ ਦਿੱਤਾ ਗਿਆ ਜਿਸ ਨਾਲ ਲੋਕਾਂ ਦਾ ਹੌਸਲਾ ਵਧੇ ਅੱਜ ਏ ਆਈ ਕੇਐਸ ਪੰਜਾਬ ਇਸ ਸਾਰੇ ਵਰਤਾਰੇ ਦਾ ਜਿੰਮੇਵਾਰ ਸਰਕਾਰ ਦੀ ਦੀ ਲੋਕਾਂ ਦੀ ਸਰਕਾਰ ਦੀ ਡੈਮਾਂ ਦੀ ਵਿਉਤਬੰਦੀ ਚ ਉਲੰਘਣਾ ਨੂੰ ਮੰਨਦੀ ਹੈ ਤੇ ਜੋ ਪੰਜਾਬ ਵਿੱਚ ਭਾਰਤ ਮਾਲਾ ਦੇ ਨਾਂ ਤੇ ਸੜਕਾਂ ਬਣੀਆਂ ਹਨ ਉਹਨਾਂ ਦੀ ਗਲਤ ਵਿਉਂਤਬੰਦੀ ਨੂੰ ਮੰਨਦੀ ਹੈ ਅਤੇ ਮੰਗ ਕਰਦੀ ਹੈ ਕਿ ਜਿੱਥੇ ਸਰਕਾਰ ਲੋਕਾਂ ਨੂੰ ਤੁਰੰਤ ਵੱਡੀ ਰਾਹਤ ਦੇਵੇ ਤੇ ਬਾਕੀ ਹੋਰ ਸਾਰੇ ਨੁਕਸਾਨ ਦਾ ਮੁਆਵਜ਼ਾ ਐਲਾਨ ਕਰੇ ਜਿਵੇਂ ਕਿ ਅਸੀਂ ਮੰਗ ਕਰਦੇ ਹਾਂ ਕਿ ਫਸਲ ਦਾ 70 ਹਜਾਰ ਪ੍ਰਤੀ ਏਕੜ ਘਰ ਦਾ 10 ਲੱਖ ਪਸ਼ੂ ਧਨ ਦਾ ਇਕ ਲੱਖ ਜਾਨੀ ਨੁਕਸਾਨ ਦਾ 10 ਲੱਖ ਇਹ ਮੁਆਵਜ਼ਾ ਹਰ ਉਸ ਪਰਿਵਾਰ ਨੂੰ ਮਿਲੇ ਜਿਸ ਦਾ ਨੁਕਸਾਨ ਹੋਇਆ ਹੈ ਬਾਕੀ ਜੋ ਨੁਕਸਾਨ ਹੋਵੇ ਉਸ ਦੇ ਵੀ ਵਾਜਬ ਮੁਆਵਜ਼ੇ ਦਾ ਐਲਾਨ ਕਰੇ ਜੋ ਮਸ਼ੀਨਰੀ ਟਰੈਕਟਰ ਗੱਡੀਆਂ ਮੋਟਰਸਾਈਕਲ ਮੋਟਰਾਂ ਦੇ ਪਾਣੀ ਵਿੱਚ ਡੁੱਬਣ ਕਾਰਨ ਰਿਪੇਅਰ ਹੋਣੀ ਹੈ ਇਸ ਦੀ ਵੀ ਭਰਪਾਈ ਸਰਕਾਰ ਕਰਨ ਦਾ ਐਲਾਨ ਕਰੇ ਅਤੇ ਨਾਲ ਹੀ ਸੁਸਾਇਟੀਆਂ ਦਾ ਜੋ ਕਰਜ਼ਾ ਕਿਸਾਨਾਂ ਨੇ ਫਸਲਾਂ ਲਈ ਲਿਆ ਸੀ ਉਸਦਾ ਵਿਆਜ ਮੁਆਫ ਕਰਕੇ ਅਗਲੀ ਫਸਲ ਲਈ ਖਾਦ ਬੀਜ ਡੀਜ਼ਲ ਦਾ ਪ੍ਰਬੰਧ ਕਰੇ ਇਹ ਸਭ ਸਰਕਾਰ ਦੀ ਜਿੰਮੇਵਾਰੀ ਬਣਦੀ ਹੈ ਇਸ ਸਮੇਂ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਆਗੂ ਬਲਦੇਵ ਸਿੰਘ ਲਤਾਲਾ ਤੇਜਾ ਸਿੰਘ ਬੜੈਚ ਕਿਰਪਾਲ ਸਿੰਘ ਪਮਾਲੀ ਡਾਕਟਰ ਗੁਰਵਿੰਦਰ ਸਿੰਘ ਨਿੱਕਾ ਸਿੰਘ ਖੇੜਾ ਆਦਿ ਹਾਜਰ।

# ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਹੜ੍ਹ ਪੀੜਤਾਂ ਲਈ ਫਰਿਸ਼ਤਾ ਬਣ ਕੇ ਬਹੁੜੀ

## ਪਿੰਡ ਰਾਜੀ ਸਭਰਾ ਨੂੰ ਗੋਦ ਲੈ ਕੇ ਮੁੜ ਨਵੇਂ ਪੰਜਾਬ ਦੀ ਸਿਰਜਣਾ ਕਰਾਂਗੇ- ਜੱਥੇ. ਨਿਮਾਣਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਕੁਦਰਤ ਦੀ ਕਰੋਪੀ ਤੇ ਸਰਕਾਰਾਂ ਦੀ ਅਣਗਹਿਲੀ ਸਦਕਾ ਅੱਜ ਪੰਜਾਬ ਹੜ੍ਹਾਂ ਦੀ ਵੱਡੀ ਮਾਰ ਝੱਲ ਰਿਹਾ ਹੈ ਅਤੇ ਸੂਬੇ ਦੇ ਹਾਲਾਤ ਬਹੁਤ ਬੁਰੇ ਹਨ,ਖਾਸ ਕਰਕੇ ਹੜ੍ਹ ਨਾਲ ਪ੍ਰਭਾਵਿਤ ਇਲਾਕਿਆਂ ਅੰਦਰ ਕਿਸਾਨਾਂ ਦੀਆਂ ਫਸਲਾਂ ਤੇ ਘਰ ਵਹਿ ਚੁੱਕੇ ਹਨ। ਪਰ ਪੰਜਾਬ ਦੇ ਸਿਰੜੀ ਲੋਕਾਂ ਦੇ ਹੌਸਲੇ ਪੂਰੀ ਤਰ੍ਹਾਂ ਬੁਲੰਦ ਹਨ। ਬੇਸ਼ੱਕ ਅੱਜ ਪੰਜਾਬ ਜ਼ਖ਼ਮੀ ਹੈ ਪਰ ਹਾਰਿਆ ਨਹੀਂ, ਅਸੀਂ ਹੜ੍ਹ ਪੀੜਤਾਂ ਦੇ ਨਾਲ ਖੜ੍ਹੇ ਹਾਂ। ਜੇਕਰ ਪੰਜਾਬ ਨੇ ਸਾਨੂੰ ਗੋਦ ਲਿਆ ਹੈ ਤਾਂ ਅਸੀਂ ਵੀ ਪੰਜਾਬ ਦੇ ਇੱਕ ਪਿੰਡ ਨੂੰ ਗੋਦ 'ਚ ਲੈ ਕੇ ਮੁੜ ਨਵੇਂ ਪੰਜਾਬ ਦੀ ਸਿਰਜਣਾ ਕਰਾਂਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਨੁੱਖੀ ਕਾਰਜਾਂ ਨੂੰ ਸਮਰਪਿਤ ਸੰਸਥਾ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਵਿਸੇਸ਼ ਤੌਰ ਤੇ ਗੱਲਬਾਤ ਕਰਦਿਆਂ ਹੋਇਆਂ ਕੀਤਾ। ਉਨ੍ਹਾਂ ਨੇ ਕਿਹਾ ਕਿ ਇਸੇ



ਮਿਸ਼ਨ ਦੀ ਪ੍ਰਾਪਤੀ ਲਈ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਨੇ ਆਪਣੇ ਸਹਿਯੋਗੀ ਸਾਥੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਜ਼ਿਲ੍ਹਾ ਫਿਰੋਜ਼ਪੁਰ ਦੇ ਹੜ੍ਹਾਂ ਦੇ ਪਾਣੀ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਪਿੰਡ ਰਾਜੀ ਸਭਰਾ ਨੂੰ ਪੂਰਨ ਰੂਪ ਵਿੱਚ ਗੋਦ ਲੈਣ ਦਾ ਫੈਸਲਾ ਕੀਤਾ ਹੈ। ਜੱਥੇ. ਨਿਮਾਣਾ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਉਕਤ ਪਿੰਡ ਦੇ ਕਿਸਾਨਾਂ ਨੂੰ ਮੁੜ ਆਪਣੇ ਪੈਰਾਂ ਤੇ ਖੜਾ ਕਰਨ ਲਈ ਉਨ੍ਹਾਂ ਦੇ ਖੇਤਾਂ ਵਿੱਚੋਂ ਰੇਤਾ ਚੁੱਕਣ ਦੀ ਆਗਿਆ ਦਿੱਤੀ ਜਾਵੇ, ਸਾਡੇ ਵੱਲੋਂ 4 ਕਿਲੇ ਤੋਂ ਘੱਟ ਜ਼ਮੀਨ ਵਾਲੇ ਜ਼ਿੰਮੀਦਾਰਾਂ ਦੀ ਜ਼ਮੀਨ ਜੇ.ਸੀ.ਬੀ ਮਸ਼ੀਨਾਂ ਨਾਲ ਪੱਧਰ ਕਰਕੇ ਅਗਲੀ ਫਸਲ ਦੀ ਬਿਜਾਈ ਲਈ ਬੀਜ ਤੇ ਖਾਦਾਂ ਵੀ ਉਪਲੱਬਧ ਕਰਵਾਈਆਂ ਜਾਣਗੀਆਂ, ਅਤੇ ਇਸਦੇ ਨਾਲ ਉਕਤ ਪਿੰਡ ਨੂੰ ਸਾਰੀਆਂ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਵਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨ੍ਹਾਂ ਨੇ ਜਾਣਕਾਰੀ ਦੇਂਦਿਆਂ ਕਿਹਾ ਕਿ ਇਸ ਵੱਡੇ ਪ੍ਰੋਜੈਕਟ ਨੂੰ ਸਫਲ ਕਰਨ ਵਿੱਚ ਭਾਈ ਹਰਪ੍ਰੀਤ ਸਿੰਘ ਮੱਖੂ, ਭਾਈ ਮਨਜੀਤ ਸਿੰਘ ਬੁਟਾਹਰੀ, ਭਾਈ ਹਰਪਾਲ ਸਿੰਘ ਨਿਮਾਣਾ, ਮਨਿੰਦਰ ਸਿੰਘ ਆਹੂਜਾ, ਜਗਦੀਪ ਸਿੰਘ ਹੁੰਝਨ, ਭਾਈ ਹਰਪਾਲ ਸਿੰਘ ਮੱਖੂ ਤੇ ਗੁਰਸੇਵਕ ਸਿੰਘ ਆਪਣੇ ਸਾਥੀਆਂ ਸਮੇਤ ਪੂਰਨ ਸਹਿਯੋਗ ਦੇ ਰਹੇ ਹਨ। ਪਰ ਇਹ ਸਮੁੱਚਾ ਕਾਰਜ ਬਹੁਤ ਵੱਡਾ ਹੈ। ਇਸ ਲਈ ਸਾਡੀ ਸੁਸਾਇਟੀ ਦੇਸ਼ ਵਿਦੇਸ਼ ਵਿੱਚ ਵੱਸਦੀਆਂ ਸੰਗਤਾਂ ਤੋਂ ਇਸ ਕਾਰਜ ਨੂੰ ਸੰਪੂਰਨ ਕਰਨ ਲਈ ਸਹਿਯੋਗ ਦੇਣ ਦੀ ਅਪੀਲ ਕਰਦੀ ਹੈ।

# ਵਿਧਾਇਕ ਜਿੰਪਾ ਨੇ ਬਿਰਧ ਆਸ਼ਰਮ 'ਚ ਬਜ਼ੁਰਗਾਂ ਨਾਲ ਮਨਾਇਆ 'ਗਰੈਂਡ ਪੇਰੈਂਟਸ ਡੇਅ'



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਅੱਜ ਗਰੈਂਡ ਪੇਰੈਂਟਸ ਦਿਵਸ ਮੌਕੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸਥਾਨਕ ਬਿਰਧ ਆਸ਼ਰਮ ਦਾ ਦੌਰਾ ਕੀਤਾ ਅਤੇ ਉਥੇ ਮੌਜੂਦ ਬਜ਼ੁਰਗਾਂ ਨਾਲ ਇਹ ਦਿਨ ਮਨਾਇਆ। ਇਸ ਦੌਰਾਨ ਉਨ੍ਹਾਂ ਬਜ਼ੁਰਗਾਂ ਨਾਲ ਸਮਾਂ ਬਿਤਾਇਆ, ਉਨ੍ਹਾਂ ਦਾ ਹਾਲ-ਚਾਲ ਪੁੱਛਿਆ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਬਾਰੇ ਜਾਣਕਾਰੀ ਲਈ। ਵਿਧਾਇਕ ਜਿੰਪਾ ਨੇ ਕਿਹਾ ਕਿ ਬਜ਼ੁਰਗ ਸਮਾਜ ਦੀ ਵਿਰਾਸਤ ਹਨ, ਜਿਨ੍ਹਾਂ ਦੇ ਜੀਵਨ ਤਜ਼ਰਬੇ ਅਤੇ ਕਦਰਾਂ-ਕੀਮਤਾਂ ਅਗਲੀਆਂ ਪੀੜ੍ਹੀਆਂ ਲਈ ਮਾਰਗਦਰਸ਼ਕ ਬਣਦੇ ਹਨ। ਉਨ੍ਹਾਂ ਕਿਹਾ ਕਿ ਗਰੈਂਡ ਪੇਰੈਂਟਸ ਦਿਵਸ ਸਾਨੂੰ ਆਪਣੇ ਦਾਦਾ-ਦਾਦੀ, ਨਾਨਾ-ਨਾਨੀ ਨਾਲ ਬਿਤਾਏ ਕੀਮਤੀ ਸਮੇਂ ਦੀ ਮਹੱਤਤਾ ਦੀ ਯਾਦ ਦਿਵਾਉਂਦਾ ਹੈ। ਉਨ੍ਹਾਂ ਬੱਚਿਆਂ ਅਤੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬਜ਼ੁਰਗਾਂ ਨੂੰ ਸਮਾਂ ਦੇਣ ਅਤੇ ਉਨ੍ਹਾਂ ਦੀ ਜ਼ਿੰਦਗੀ ਨੂੰ ਖ਼ੁਸ਼ਹਾਲ ਬਣਾਉਣ ਵਿਚ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ ਲਈ ਕਈ ਯੋਜਨਾਵਾਂ ਚਲਾ ਰਹੀ ਹੈ ਅਤੇ ਸਮਾਜ ਦੇ ਹਰੇਕ ਵਰਗ ਦਾ ਫਰਜ਼ ਬਣਦਾ ਹੈ ਕਿ ਉਹ ਬਜ਼ੁਰਗਾਂ ਦਾ ਸਤਿਕਾਰ ਅਤੇ ਦੇਖ-ਭਾਲ ਯਕੀਨੀ ਬਣਾਏ। ਇਸ ਮੌਕੇ ਵਿਧਾਇਕ ਨੇ ਬਿਰਧ ਆਸ਼ਰਮ ਵਿਚ ਰਹਿ ਰਹੇ ਬਜ਼ੁਰਗਾਂ ਨਾਲ ਕੇਕ ਕੱਟਿਆ ਅਤੇ ਫਲ, ਮਠਿਆਈਆਂ ਅਤੇ ਹੋਰ ਜ਼ਰੂਰੀ ਚੀਜ਼ਾਂ ਵੀ ਉਨ੍ਹਾਂ ਨਾਲ ਸਾਂਝੀਆਂ ਕੀਤੀਆਂ। ਜਿੰਪਾ ਨੇ ਬਿਰਧ ਆਸ਼ਰਮ ਦੇ ਪ੍ਰਬੰਧਨ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਥੇ ਬਜ਼ੁਰਗਾਂ ਦੀ ਸੇਵਾ ਬਹੁਤ ਸ਼ਰਧਾ ਨਾਲ ਕੀਤੀ ਜਾ ਰਹੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਸਰਕਾਰ ਅਤੇ ਪ੍ਰਸ਼ਾਸਨ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗਾ, ਤਾਂ ਜੋ ਇਥੇ ਰਹਿਣ ਵਾਲੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹ-ਮਣਾ ਨਾ ਕਰਨਾ ਪਵੇ। ਇਸ ਮੌਕੇ ਵਿਧਾਇਕ ਜਿੰਪਾ ਨੇ ਸਮਾਜਿਕ ਸੰਸਥਾਵਾਂ ਅਤੇ ਸਵੈ-ਸੇਵੀ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ ਬਜ਼ੁਰਗਾਂ ਦਾ ਮਨੋਬਲ ਵਧਾਉਣ ਅਤੇ ਉਨ੍ਹਾਂ ਨੂੰ ਘਰ ਵਰਗਾ ਮਹਿਸੂਸ ਕਰਵਾਉਣ ਲਈ ਸਮੇਂ-ਸਮੇਂ 'ਤੇ ਬਿਰਧ ਆਸ਼ਰਮਾਂ ਦਾ ਦੌਰਾ ਕਰਨ।

for more news visit:
www.samajweekly.com

# ਗੁਰਦਿਆਲ ਸਿੰਘ ਫੁੱਲ ਵਲੋਂ ਲਿਖੀ ਕਿਤਾਬ 'ਰਿਸ਼ਤਿਆਂ ਦੀ ਮਹਿਕ' ਤੇ ਗੋਸ਼ਟੀ ਸਮਾਗਮ ਕਰਵਾਇਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵੱਲੋਂ ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਰਚਾਏ ਸਮਾਗਮ ਵਿੱਚ ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ ਦੀ ਪੁਸਤਕ 'ਰਿਸ਼ਤਿਆਂ ਦੀ ਮਹਿਕ' ਦਾ ਲੋਕ-ਅਰਪਣ ਅਤੇ ਗੋਸ਼ਟੀ ਸਮਾਗਮ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਡਾ. ਕਰਮਜੀਤ ਸਿੰਘ, ਮਦਨ ਵੀਰਾ, ਤ੍ਰਿਪਤਾ ਕੇ ਸਿੰਘ, ਡਾ. ਜਸਵੰਤ ਰਾਏ ਅਤੇ ਡਾ. ਹਰਪ੍ਰੀਤ ਸਿੰਘ ਨੇ ਕੀਤੀ। ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਖੋਜ ਅਫ਼ਸਰ ਡਾ. ਜਸਵੰਤ ਰਾਏ ਨੇ ਪੰਜਾਬੀ ਸਾਹਿਤ ਜਗਤ ਨੂੰ ਸਦੀਵੀ ਵਿਛੋੜਾ ਦੇ ਗਏ ਸ਼ਾਇਰ ਸ਼੍ਰੀਰਾਮ ਅਰਸ਼, ਕਾਮੇਡੀ ਕਲਾਕਾਰ ਅਤੇ ਫਿਲਮੀ ਹਸਤੀ ਜਸਵਿੰਦਰ ਭੱਲਾ, ਸਭਾ ਦੇ ਸਰਪ੍ਰਸਤ ਕੁਲਤਾਰ ਸਿੰਘ ਦੇ ਭਾਣਜੇ ਡਾ. ਹਰਦੀਪ ਸਿੰਘ ਸੇਠੀ ਅਤੇ ਪੰਜਾਬ ਵਿੱਚ ਹੜ੍ਹਾਂ ਦੀ ਮਾਰ ਕਾਰਨ ਅਣਿਆਈ ਮੌਤ ਦਾ ਸ਼ਿਕਾਰ ਹੋਏ ਪੰਜਾਬੀਆਂ ਦੇ ਹੱਕ ਵਿੱਚ ਸ਼ੋਕ ਮਤਾ ਪੜ੍ਹਿਆ ਅਤੇ ਹਾਜ਼ਰ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੇ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ। ਇਸ ਤੋਂ ਬਾਅਦ ਸਭਾ ਦੀ ਪ੍ਰਧਾਨ ਤ੍ਰਿਪਤਾ ਕੇ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਸ਼ਬਦ ਆਖੇ ਅਤੇ ਲੇਖਕ ਨੂੰ ਵਾਰਤਕ ਪੁਸਤਕ ਲਈ ਮੁਬਾਰਕਾਂ ਦਿੱਤੀਆਂ।ਪੁਸਤਕ 'ਤੇ ਪਰਚਾ ਪੇਸ਼ ਕਰਦਿਆਂ ਡਾ. ਹਰਪ੍ਰੀਤ ਸਿੰਘ ਨੇ ਕਿਹਾ ਕਿ ਫੁੱਲ ਹੁਰਾਂ ਦੀ ਪੁਸਤਕ ਜਿਸਦੇ ਵਿਭਿੰਨ ਅਤੇ ਵਿਆਪਕ ਵਿਸ਼ੇ ਇਹ ਦੱਸ ਪਾਉਂਦੇ ਹਨ ਲੇਖਕ ਕੋਲ ਵਿਸ਼ਿਆਂ ਦੀ ਵਿਭਿੰਨਤਾ ਹੈ। ਨਾਲ ਹੀ ਨਾਲ ਇਹ ਲੇਖ ਉਨ੍ਹਾਂ ਦੀ ਮਾਨਵੀ ਪਹੁੰਚ ਵਿਧੀ ਦੀ ਵੀ ਝਾਤ ਪਾਉਂਦੇ ਹਨ। ਪੂੰਜੀਵਾਦੀ ਯੁਗ ਵਿੱਚ ਖ਼ੁਰਦੇ ਜਾ ਰਹੇ ਰਿਸ਼ਤਿਆਂ ਦੀ ਪਾਕੀਜ਼ਗੀ ਬਣਾਈ ਰੱਖਣ ਦਾ ਇਹ ਪੁਸਤਕ ਸਿਰਨਾਵਾਂ ਹੈ। ਮਦਨ ਵੀਰਾ ਨੇ ਪੁਸਤਕ ਬਾਰੇ ਆਪਣੀ ਆਲੋਚਨਾਤਮਕ ਟਿੱਪਣੀ ਦਿੰਦਿਆਂ ਕਿਹਾ ਕਿ ਪੁਸਤਕ ਵਿੱਚ ਜਿੱਥੇ ਗੁਰਦਿਆਲ ਸਿੰਘ ਇੱਕ ਅਧਿਆਪਕ ਵਜੋਂ ਬਿਰਤਾਂਤ ਸਿਰਜਦੇ ਹਨ, ਉਥੇ ਉਨ੍ਹਾਂ ਦਾ ਨਜ਼ਰੀਆ ਉਸਾਰੂ 'ਤੇ ਗੰਭੀਰ ਜਾਪਦਾ ਹੈ, ਪਰ ਜਿੱਥੇ ਸਭਿਆਚਾਰ ਨੂੰ ਲੈ ਕੇ ਮੱਧਕਾਲੀ ਸੋਚ ਅਪਣਾਉਂਦੇ ਹਨ, ਉਥੇ ਪੇਤਲੇ ਨਜ਼ਰ ਆਉਂਦੇ ਹਨ। ਤ੍ਰਿਪਤਾ ਕੇ ਸਿੰਘ ਤੇ ਹੋਰ ਦੋਸਤਾਂ ਨੇ ਵੀ ਪੁਸਤਕ ਬਾਰੇ ਆਪਣੇ ਵਿਚਾਰ ਰੱਖੇ। ਬਹਿਸ ਨੂੰ ਸਮੇਟਦਿਆਂ ਡਾ. ਕਰਮਜੀਤ ਸਿੰਘ ਨੇ ਇਸ ਵਾਰਤਕ ਪੁਸਤਕ ਦੇ ਵੱਖ-ਵੱਖ ਪੱਖਾਂ 'ਤੇ ਗੱਲ ਕਰਦਿਆਂ ਕਿਹਾ ਕਿ ਵਾਰਤਕ ਲਿਖਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਇਹਦੇ ਲਈ ਪੜ੍ਹਨਾ ਬਹੁਤ ਪੈਂਦਾ ਹੈ। ਪੰਜਾਬੀ ਸਾਹਿਤ ਵਿੱਚ ਇਸਦੀ ਸਭ ਤੋਂ ਵੱਡੀ ਉਦਾਹਰਣ ਪ੍ਰਿੰਸੀਪਲ ਤੇਜਾ ਸਿੰਘ ਹੈ। ਫੁਲ ਹੁਰਾਂ ਨੂੰ ਇਸ ਪੁਸਤਕ ਲਈ ਮੁਬਾਰਵਾਦ ਪਰ ਇਸਦੇ ਅਗਲੇ ਅਡੀਸ਼ਨ ਤੋਂ ਪਹਿਲਾਂ ਸਭਿਆਚਾਰਕ ਤੱਤਾਂ ਨੂੰ ਹੋਰ ਜ਼ਿਆਦਾ ਪੜ੍ਹਨ ਅਤੇ ਗੌਲ਼ਣ ਦੀ ਜ਼ਰੂਰਤ ਹੈ।

# ਡੇਰਾ ਸਚਖੰਡ ਬੱਲਾਂ ਵੱਲੋਂ ਹੜ੍ਹ ਪੀੜਤਾਂ ਲਈ ਲੰਗਰ ਸੇਵਾ



**ਜਲੰਧਰ (ਚਰਨਜੀਤ ਸੱਲ੍ਹਾਂ )** ਡੇਰਾ ਸ਼੍ਰੀ 108 ਸੰਤ ਸਰਵਣ ਦਾਸ ਜੀ ਸਚਖੰਡ ਬੱਲਾਂ ਦੇ ਮੌਜੂਦਾ ਗੱਦੀਨਸ਼ੀਨ ਧਰਮਗੁਰੂ ਸ਼੍ਰੀ 108 ਸੰਤ ਨਿਰੰਜਨ ਦਾਸ ਜੀ ਮਹਾਰਾਜ ਦੇ ਆਸ਼ੀਰਵਾਦ ਅਤੇ ਸਨੇਹੇ ਅਨੁਸਾਰ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਨਿਰੰਤਰ ਸੇਵਾਵਾਂ ਚੱਲ ਰਹੀਆਂ ਹਨ। ਇਸ ਦੇ ਤਹਿਤ 2500 ਲੋਕਾਂ ਲਈ ਲੰਗਰ ਭੇਜਿਆ ਗਿਆ। ਸੰਤ ਨਿਰੰਜਨ ਦਾਸ ਜੀ ਮਹਾਰਾਜ ਨੇ ਕਿਹਾ ਕਿ "ਮਨੁੱਖਤਾ ਦੀ ਸੇਵਾ ਹੀ ਸੱਚੀ ਭਗਤੀ ਹੈ। ਜਿੱਥੇ ਕੋਈ ਦੁਖੀ ਜਾਂ ਪੀੜਤ ਹੈ, ਉਥੇ ਉਸਦੀ ਸਹਾਇਤਾ ਕਰਨਾ ਹੀ ਸਾਡੇ ਗੁਰੂਆਂ ਦੀ ਸਿੱਖਿਆ ਹੈ।" ਇਸ ਸੇਵਾ ਨੂੰ ਅੱਗੇ ਵਧਾਉਣ ਵਿੱਚ ਡੇਰੇ ਦੇ ਸੇਵਾਦਾਰ ਸ਼੍ਰੀਮਾਨ ਹਰਦੇਵ ਦਾਸ, ਸੰਤ ਲੇਖਰਾਜ, ਸ਼੍ਰੀਮਾਨ ਕਰਮ ਚੰਦ ਜੀ, ਡਾ. ਸਤੀਸ਼ ਸੁਮਨ, ਡਾ. ਕਮਲ ਸਾਂਪਲਾ, ਸੁਰਿੰਦਰ ਰਵਿਦਾਸੀਆ, ਬਾਬਾ ਟੇਕ ਚੰਦ ਅਤੇ ਸਾਲਗ ਰਾਮ ਵੱਲੋਂ ਮਹੱਤਵਪੂਰਨ ਯੋਗਦਾਨ ਪਾਇਆ ਗਿਆ। ਡੇਰੇ ਵੱਲੋਂ ਕਿਹਾ ਗਿਆ ਹੈ ਕਿ ਹੜ੍ਹ ਪੀੜਤ ਪਰਿਵਾਰਾਂ ਲਈ ਇਹ ਸਹਾਇਤਾ ਲਗਾਤਾਰ ਜਾਰੀ ਰਹੇਗੀ ਅਤੇ ਹੋਰ ਵੀ ਸੇਵਾਵਾਂ ਅਗਲੇ ਦਿਨਾਂ ਵਿੱਚ ਕੀਤੀਆਂ ਜਾਣਗੀਆਂ।

# ਗਿੱਟੇ ਲੱਗੇ ਜਾਂ ਗੋਡੇ

ਰਾਜਪਾਲ ਨੇ ਜਾਇਜ਼ਾ ਲੈ ਲਿਆ ,
ਖ਼ੁਦ ਵੀ ਮਾਰ ਲਏ ਗੇੜੇ ।
ਐਪਰ ਸਾਡੇ ਤੋਂ ਨੇ ਚੰਗੇ ਲਗਦੇ ,
ਜੋ ਨੇ ਸੱਜਰੇ ਸਾਕ ਸਹੇੜੇ ।
ਮੈਂ 'ਨੀਂ ਕਹਿੰਦਾ ਇਹ ਪੰਜਾਬ ਦਾ ,
ਵਿੱਤ ਮੰਤਰੀ ਕਹਿੰਦਾ ਏ ;
ਸੈਂਟਰ ਤਾਈਂ ਪੰਜਾਬੀਆਂ ਨਾਲੋਂ ,
ਤਾਲਿਬਾਨ ਹਨ ਨੇੜੇ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037

# ਉਸ ਨੂੰ ਮੁਰਦਾ ਹੀ ਸਮਝੋ

ਜਿਸ ਦੇ ਦਿਲ ਵਿੱਚ ਦੂਜਿਆਂ ਲਈ ਦਰਦ ਨਾ ਹੋਵੇ ।
ਉਸ ਨੂੰ ਮੁਰਦਾ ਹੀ ਸਮਝੋ।
ਜੋ ਅਬਲਾ ਦੀ ਇੱਜ਼ਤ ਦੀ ਰੱਖਿਆ ਨਾ ਕਰ ਸਕੇ
ਉਸ ਨੂੰ ਮੁਰਦਾ ਹੀ ਸਮਝੋ।
ਜੋ ਆਪਣੇ ਮਾਪਿਆਂ ਦੀ ਇੱਜਤ ਨਾ ਕਰ ਸਕਦਾ ਹੋਵੇ।
ਉਸ ਨੂੰ ਮੁਰਦਾ ਹੀ ਸਮਝੋ।
ਜਿਸ ਦਾ ਘਰ ਭ੍ਰਿਸ਼ਟਾਚਾਰ ਦੀ ਕਮਾਈ ਨਾਲ ਚੱਲਦਾ ਹੋਵੇ।
ਉਸ ਨੂੰ ਮੁਰਦਾ ਹੀ ਸਮਝੋ।
ਜੋ ਕਿਸੇ ਨੂੰ ਵਾਇਦਾ ਦੇ ਕੇ ਮੁੱਕਰ ਜਾਵੇ।
ਉਸ ਨੂੰ ਮੁਰਦਾ ਹੀ ਸਮਝੋ।
ਜੋ ਦਿਲ ਨਾਲ ਆਪਣੇ ਧਰਮ ਦੀ ਪਾਲਨਾ ਨਾ ਕਰਦਾ ਹੋਵੇ।
ਉਸ ਨੂੰ ਮੁਰਦਾ ਹੀ ਸਮਝੋ।
ਜੋ ਅਮੀਰ ਹੋ ਕੇ ਵੀ ਦਾਨ ਪੁੰਨ ਨਾ ਕਰਦਾ ਹੋਵੇ।
ਉਸ ਨੂੰ ਮੁਰਦਾ ਹੀ ਸਮਝੋ।
ਜੋ ਦੂਜਿਆਂ ਨੂੰ ਖੁਸ਼ ਹੋ ਕੇ ਸੜਦਾ ਭੁੱਜਦਾ ਹੋਵੇ।
ਉਸਨੂੰ ਮੁਰਦਾ ਹੀ ਸਮਝੋ।
ਜੋ ਦੂਜਿਆਂ ਦੀ ਕਮਾਈ ਦੇ ਉੱਤੇ ਪਲਦਾ ਹੋਵੇ।
ਉਸ ਨੂੰ ਮੁਰਦਾ ਹੀ ਸਮਝੋ।
ਜਿਸ ਦੇ ਮਨ ਅਤੇ ਕਰਮ ਵਿੱਚ ਗੰਦਗੀ ਵਸੀ ਹੋਵੇ।
ਉਸ ਨੂੰ ਮੁਰਦਾ ਹੀ ਸਮਝੋ।
ਜਿਸ ਦਾ ਮਨ ਕ੍ਰੋਧ ਅਤੇ ਹੰਕਾਰ ਨਾਲ ਭਰਿਆ ਹੋਵੇ।
ਉਸ ਨੂੰ ਮੁਰਦਾ ਹੀ ਸਮਝੋ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ।**
**ਮੋਬਾਈਲ 94 16 359045**
**ਰੋਹਤਕ ਹਰਿਆਣਾ।**

# ਪ੍ਰਾਈਵੇਟ ਕਾਲਜ?

ਲਉ ਬਈ ਮਿੱਤਰੋ ਮੱਦਦ ਕਰਿਉ।
'ਪੁੰਨ ਤੇ ਨਾਲੇ ਫਲੀਆਂ' ਖੜਿਉ।

ਪ੍ਰਾਈਵੇਟ ਕਾਲਜ ਖੋਲਣ ਲੱਗਾਂ।
ਡੀਲ ਸਿੱਧੀ ਥੋਨੂੰ ਬੋਲਣ ਲੱਗਾਂ।

ਨਰਸਿੰਗ, ਲਾਅ ਤੇ ਐਡਮਨਿਸਟ੍ਰੇਸ਼ਨ।
ਬੀ.ਐਡ. ਦੀ ਵੀ ਹੋਊ ਰਜ਼ਿਸਟ੍ਰੇਸਨ।

ਹੋਰ ਵੀ ਡਿਗਰੀਆਂ ਵਾਲੇ ਕੋਰਸ।
ਗਿਣਤੀ ਨਾ ਜੀ ਬਾਹਲੇ ਕੋਰਸ।

ਮੁੱਦੇ ਵਾਲੀ ਗੱਲ 'ਤੇ ਆਉ।
ਵੱਧ ਤੋਂ ਵੱਧ ਐਡਮੀਸ਼ਨਾਂ ਲਿਆਉ।

ਮੱਦਦ ਦੇ ਨਾਲ਼ ਕਰੋ ਵਪਾਰ।
ਪੱਕੇ ਕਮੀਸ਼ਨ ਬੰਨ੍ਹ ਲਉ ਯਾਰ।

ਇੱਕ ਐਡਮੀਸ਼ਨ ਜਦ ਵੀ ਲਿਆਉ।
ਪੂਰੇ ਪੰਜ ਹਜ਼ਾਰ ਕਮਾਉ।

ਥੋੜਾ ਕੰਮ ਸਾਡੇ ਤੱਕ ਲਿਆਉਣਾ।
ਬਾਕੀ ਸਾਡਾ ਕੰਮ ਟਿਕਾਉਣਾ।

'ਨਿੰਮ ਕਰੇਲਾ ਕਿਵੇਂ ਚਾੜ੍ਹਨਾ' ?
ਸਬਜਬਾਗਾਂ ਵਿੱਚ ਕਿਵੇਂ ਵਾੜਨਾ ?

ਬ੍ਰੇਨਵਾਸ਼ ਕੀ ਹਿਪਨੋਟਾਈਜ਼ ?
ਸਭ ਆਉਂਦੀ ਮੈਨੂੰ ਐਕਸਰਸਾਈਜ਼।

ਜਿਵੇਂ ਵੀ ਮਿਲਦਾ ਗ੍ਰਾਹਕ ਲਿਆਉ।
ਸ਼ਰਤਾਂ 'ਜੋ ਚਾਹੋ ਸੋ ਪਾਉ'।

ਦੇ ਦਿਉ ਆਉਣ ਨਾ ਆਉਣ ਦੀ ਮਰਜ਼ੀ।
ਹਾਜ਼ਰੀਆਂ ਸਾਡੀ ਸਿਰਦਰਦੀ।

ਕਹਿ ਦਿਉ ਪੇਪਰ ਦੇਣ ਆ ਜਿਉ
ਤੇ ਫਿਰ ਡਿਗਰੀ ਲੈਣ ਆ ਜਿਉ।

ਪਲੇਸਮੈਂਟ ਭਾਵੇਂ ਬਹੁਤੀ ਨਾ ਹੈ।
ਪਰ ਇਹ ਗੱਲ ਕੋਈ ਛੋਟੀ ਨਾ ਹੈ।

ਬੱਚਾ ਹੋ ਜਾਊ 'ਅਪ ਟੂ ਡੇਟਡ'।
ਘਰੇ ਹੀ, ਸੁਪਰ-ਐਜੂਕੇਟਡ।

ਮਾਪੇ ਗੱਲਾਂ ਕਰ ਸਕਦੇ ਨੇ।
ਚਾਰ ਬੰਦਿਆਂ ਵਿੱਚ ਖੜ੍ਹ ਸਕਦੇ ਨੇ।

ਫੇਰ ਕੀ ਐ ਜੇ ਅੱਠ ਲੱਖ ਲੱਗ ਜੂ।
ਵਿੱਚ ਸ਼ਰੀਕੇ ਨਾਮ ਤਾਂ ਵੱਜ ਜੂ।

'ਪਿੰਡ ਘੜਾਮੇਂ' ਛੋਟੇ ਧੰਦੇ।
ਵਾਧੂ ਆਏ ਬਿਹਾਰੋਂ ਬੰਦੇ।

'ਰੋਮੀ' ਜ੍ਹਿਆਂ ਦਾ ਘਟੇ ਨਾ ਮਾਣ।
ਕਾਲਜ ਸਾਡਾ ਹੋਊ ਵਰਦਾਨ।

ਬੇਸ਼ੱਕ ਬੇਰੁਜ਼ਗਾਰ ਹੀ ਫਿਰਨੇ।
ਡਿਗਰੀ ਵਾਲੇ ਪਰ ਘਰ ਘਰ ਮਿਲਣੇ।



**ਰੋਮੀ ਘੜਾਮਾਂ।**
**9855281105**

# ਹੜ੍ਹ-ਹੜ੍ਹ

ਦਰਿਆਵਾਂ ਦੇ ਵਿੱਚ,ਹੜ੍ਹ ਕੀ ਆਇਆ,
ਉਮੀਦਾਂ ਉੱਤੇ ਹੈ, ਫਿਰ ਗਿਆ ਪਾਣੀ ।

ਹਰ ਵਾਰੀ ਪਾਤਰ, ਬਦਲ ਨੇ ਜਾਂਦੇ,
ਪਰ,ਓਹੀ ਹੁੰਦੀ,ਹਰ ਵਾਰ ਕਹਾਣੀ ।

ਭਾਵੇਂ,ਇਸ ਉਮਰ ਹੰਢਾ ਲਈ ਲੰਬੀ,
ਸਿਆਸਤ ਸਾਡੀ ਨਾ,ਹੋਈ ਸਿਆਣੀ,

ਮੱਖਣ, ਸੱਤਾ ਵਾਲਾ ਹੱਥ ਆ ਜਾਵੇ,
ਰਿੜਕ ਰਹੇ, ਇੰਝ ਮਸਲਾ ਪਾਣੀ ।

ਕੋਈ ਗੰਭੀਰ ਨਾ,ਠੀਕ ਕਰਨ ਲਈ,
ਇਹ ਪਾਣੀਆਂ ਵਾਲੀ,ਵੰਡ ਜੋ ਕਾਣੀ ।

ਫ਼ਰਜ਼ ਪੂਰਾ ਨਾ, ਕਰ ਰਹੇ ਆਪਣਾ,
ਛੇੜ ਕੇ ਬਹਿ ਜਾਣ ,ਗੱਲ ਪੁਰਾਣੀ ।

ਜੇ, ਕੁਦਰਤ ਕਹਿਰਵਾਨ ਹੈ ਹੋਈ,
ਸਰਕਾਰਾਂ ਨੂੰ ਵੀ,ਘੱਟ ਨਾ ਜਾਣੀ ।

ਜਸਵੀਰ ਮੋਰੋਂ ,ਜੇ ਚਰਚਾ ਕਰੀਏ,
ਫੇਰ ਹੋ ਸਕਦੀ,ਹਰ ਸੁਤ ਕਹਾਣੀ ਲ



**ਜਸਵੀਰ ਸਿੱਖ ਮੋਰੋਂ**



# ਉਰਮਿਲਾ ਦੇਵੀ ਆਯੁਰਵੈਦਿਕ ਕਾਲਜ ਵੱਲੋਂ ਹੜ੍ਹ ਪੀੜਤਾਂ ਲਈ ਇਕ ਲੱਖ ਤੇ ਮਹੰਤ ਸਤਯ ਵਰਤ ਨੰਦ ਗਿਰੀ ਵੱਲੋਂ 50 ਹਜ਼ਾਰ ਦਾ ਯੋਗਦਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**
ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਆਸ਼ਿਕਾ ਜੈਨ ਨੇ ਦੱਸਿਆ ਕਿ ਇਸ ਸਮੇਂ ਪੂਰਾ ਪੰਜਾਬ ਹੜ੍ਹ ਦੀ ਮਾਰ ਨਾਲ ਜੂਝ ਰਿਹਾ ਹੈ। ਇਸ ਮੁਸ਼ਕਿਲ ਘੜੀ ਵਿਚ ਪੀੜਤ ਪਰਿਵਾਰਾਂ ਨਾਲ ਪੂਰਾ ਦੇਸ਼ਾ ਖੜ੍ਹਾ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਬਹੁਤੇ ਇਲਾਕੇ ਵੀ ਇਸ ਕੁਦਰਤੀ ਆਫਤ ਦਾ ਸ਼ਿਕਾਰ ਹੋਏ ਹਨ। ਹੜ੍ਹਾਂ ਕਾਰਨ ਪੀੜਤ ਪਰਿਵਾਰਾਂ ਦੀ ਮਦਦ ਲਈ ਜਿਥੇ ਸਰਕਾਰ ਤਨਦੇਹੀ ਨਾਲ ਪੂਰੀ ਮਦਦ ਕਰ ਰਹੀ ਹੈ, ਉਥੇ ਹੀ ਸਵੈ-ਸੇਵੀ ਸੰਸਥਾਵਾਂ, ਕੰਪਨੀਆਂ, ਫੈਕਟਰੀਆਂ, ਦਾਨੀ ਸੱਜਣਾਂ ਅਤੇ ਹੋਰ ਸ਼ਹਿਰ ਵਾਸੀਆਂ ਨੂੰ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਵਿੱਤੀ ਜਾਂ ਹੋਰ ਕਿਸੇ ਵੀ ਤਰ੍ਹਾਂ ਦੀ ਮਦਦ ਕਰਨ ਸਬੰਧੀ ਅਪੀਲ ਕੀਤੀ ਗਈ ਸੀ, ਜਿਸ ਤਹਿਤ ਬਹੁਤ ਸਾਰੇ ਦਾਨੀ ਸੱਜਣਾਂ, ਸੰਸਥਾਵਾਂ , ਨਾਗਰਿਕਾਂ ਵੱਲੋਂ ਹੜ੍ਹ ਪੀੜਤਾਂ ਲਈ ਆਪਣੇ ਵੱਲੋਂ ਪੂਰਾ ਯੋਗਦਾਨ ਦਿੱਤਾ ਜਾ ਰਿਹਾ ਹੈ। ਇਸ ਸਬੰਧੀ ਦਾਨੀ ਸੱਜਣਾਂ ਵੱਲੋਂ ਰਾਹਤ ਸਮੱਗਰੀ, ਰਾਸ਼ਨ ਕਿੱਟਾਂ, ਤਰਪਾਲਾਂ, ਮੱਛਰਦਾਨੀਆਂ, ਹਾਈਜੀਨ ਕਿੱਟਾਂ, ਬਰੈੱਡ ਅਤੇ ਹੋਰ ਬਹੁਤ ਸਾਰੀ ਸਮੱਗਰੀ ਤੋਂ ਇਲਾਵਾ ਵਿੱਤੀ ਸਹਾਇਤਾ ਮੁਹੱਈਆ ਕਰਵਾ ਕੇ ਆਪਣ ਫਰਜ਼ ਨਿਭਾਇਆ ਜਾ ਰਿਹਾ ਹੈ। ਡਿਪਟੀ ਕਮਿਸਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਸ਼੍ਰੀਮਤੀ ਉਰਮਿਲਾ ਦੇਵੀ ਆਯੁਰਵੈਦਿਕ ਕਾਲਜ ਆਫ ਮੈਡੀਕਲ ਸ਼ਾਇੰਸਜ਼, ਪਿੰਡ ਖੜਕਾਂ, ਵੱਲੋਂ ਹੜ੍ਹ ਪੀੜਤਾਂ ਦੀ ਮਦਲ ਲਈ ਰੈੱਡ ਕਰਾਸ ਨੂੰ 1 ਲੱਖ ਰੁਪਏ ਅਤੇ ਸ਼੍ਰੀ ਮਹੰਤ ਸਤਯ ਵਰਤ ਨੰਦ ਗਿਰੀ, ਅਖੰਡ ਭਾਰਤ ਪ੍ਰਚਾਰ ਮੰਤਰੀ, ਭੁੰਗਰਨੀ ਵੱਲੋਂ 50 ਹਜ਼ਾਰ ਰੁਪਏ ਦੀ ਰਾਸ਼ੀ ਸੌਂਪੀ ਹੈ। ਉਨ੍ਹਾਂ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਹਾਲਤਾਂ ਵਿਚ ਉਨ੍ਹਾਂ ਵੱਲੋਂ ਕੀਤੀ ਗਈ ਮਦਦ ਹੜ੍ਹ ਪੀੜਤਾਂ ਲਈ ਇਕ ਵੱਡਮੁੱਲਾ ਯੋਗਦਾਨ ਹੈ। ਇਸ ਨਾਲ ਹੜ੍ਹ ਪੀੜਤਾਂ ਨੂੰ ਲੋੜ ਦੀਆਂ ਵਸਤੂਆਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਤੋਂ ਇਲਾਵਾ ਉਨ੍ਹਾਂ ਜ਼ਿਲ੍ਹੇ ਦੀਆ ਕੰਪਨੀਆਂ, ਫੈਕਟਰੀਆਂ, ਦਾਨੀ ਸੱਜਣਾਂ, ਉਦਯੋਗਪਤੀਆਂ, ਸਕੂਲ/ਕਾਲਜ ਮਾਲਕਾਂ, ਵੱਡੇ ਵਪਾਰੀ ਭਾਈਚਾਰੇ ਅਤੇ ਹਰ ਨਾਗਰਿਕ ਨੂੰ ਅਪੀਲ ਕੀਤੀ ਕਿ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਅੱਗੇ ਆਉਣ। ਇਸ ਕੁਦਰਤੀ ਆਫ਼ਤ ਸਮੇਂ ਉਹ ਲੋੜਵੰਦਾਂ ਦੀ ਵਿੱਤੀ ਜਾਂ ਹੋਰ ਕਿਸੇ ਵੀ ਤਰ੍ਹਾਂ ਦੀ ਸੇਵਾ ਕਰਨ ਲਈ ਆਪਣਾ ਵੱਡਮੁੱਲਾ ਯੋਗਦਾਨ ਪਾ ਸਕਦੇ ਹਨ। ਜਿਸ ਲਈ ਰੈੱਡ ਕਰਾਸ ਸੁਸਾਇਟੀ ਵੱਲੋਂ ਜਾਰੀ ਕੀਤੇ ਗਏ ਕਿਊਆਰ ਕੋਡ ਦੇ ਲਿੰਕ https://itnyurl.com/red-crosshosiharpur ‘ਤੇ ਕਲਿੱਕ ਕਰਕੇ ਸਹਿਯੋਗ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਇਸ ਸਮਾਜ ਭਲਾਈ ਦੇ ਕੰਮ ਲਈ ਨਿੱਜੀ ਤੌਰ ‘ਤੇ ਸੋਮਵਾਰ ਤੋਂ ਸ਼ੁੱਕਰਵਾਰ ਰੈੱਡ ਕਰਾਸ ਦਫਤਰ, ਜੋਧਾ ਮੱਲ ਰੋਡ, ਹੁਸ਼ਿਆਰਪੁਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।



# ਡਿਪਟੀ ਕਮਿਸ਼ਨਰ ਨੇ ਬੁਰਜ ਟਹਿਲ ਦਾਸ ਬੰਨ੍ਹ ‘ਤੇ ਚੱਲ ਰਹੇ ਕਾਰਜਾਂ ਦੀ ਕੀਤੀ ਸਮੀਖਿਆ

## ਭਾਰਤੀ ਫੌਜ ਦੀ ਟੀਮ ਵੀ ਮੌਕੇ ‘ਤੇ ਮੌਜੂਦ



**ਨਵਾਂਸ਼ਹਿਰ/ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਅੱਜ ਬੁਰਜ ਟਹਿਲ ਦਾਸ ਵਿਖੇ ਸਤਲੁਜ ਦਰਿਆ ਦੇ ਬੰਨ੍ਹ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਲੋਕਾਂ ਦੇ ਸਹਿਯੋਗ ਨਾਲ ਬੰਨ੍ਹ ਦੀ ਮਜ਼ਬੂਤੀ ਦਾ ਕੰਮ ਜੰਗੀ ਪੱਧਰ ‘ਤੇ ਜਾਰੀ ਹੈ ਅਤੇ ਸਥਿਤੀ ਕੰਟਰੋਲ ਹੇਠ ਹੈ। ਬੰਨ੍ਹ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਹਾ ਕਿ ਮੌਜੂਦਾ ਸਮੇਂ ਪਾਣੀ ਦਾ ਪੱਧਰ ਵੱਧ-ਘਟ ਰਿਹਾ ਹੈ ਪਰ ਜ਼ਿਲੇ ਵਿਚ ਹਾਲਾਤ ਪੂਰੀ ਤਰ੍ਹਾਂ ਕਾਬੂ ਹੇਠ ਹਨ। ਉਨ੍ਹਾਂ ਦੱਸਿਆ ਕਿ ਲਗਾਤਾਰ ਪੈ ਰਹੇ ਮੀਂਹ ਅਤੇ ਪਿੱਛੋਂ ਆ ਰਹੇ ਪਾਣੀ ਨਾਲ ਬੰਨ੍ਹ ‘ਤੇ ਬੀਤੇ ਦਿਨ ਹਲਕੀ ਜਿਹੀ ਸਥਿਤੀ ਬਣੀ ਸੀ ਜਿਸ ਨੂੰ ਪ੍ਰਸ਼ਾਸਨ ਅਤੇ ਭਾਰਤੀ ਫੌਜ ਦੀ ਟੀਮ ਨੇ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਕੰਟਰੋਲ ਕਰ ਲਿਆ ਸੀ ਅਤੇ ਬੰਨ੍ਹ ਦੀ ਮਜ਼ਬੂਤੀ ਦਾ ਕਾਰਜ ਲਗਾਤਾਰ ਜਾਰੀ ਹੈ।

ਉਨ੍ਹਾਂ ਨੇ ਭਾਰਤੀ ਫੌਜ ਦੀ ਟੀਮ ਦੀ ਮੌਜੂਦਗੀ ਵਿਚ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿੱਥੇ ਵੀ ਲੋੜ ਪੈਂਦੀ ਹੈ ਜ਼ਿਲਾ ਪ੍ਰਸ਼ਾਸਨ ਲਗਾਤਾਰ ਬੰਨ੍ਹ ਦੀ ਮਜ਼ਬੂਤੀ ਲਈ ਕਾਰਜਸ਼ੀਲ ਹੈ। ਉਨ੍ਹਾਂ ਪਿੰਡਾਂ ਦੇ ਵਸਨੀਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜ਼ਿਲੇ ਵਿਚ ਵੱਖ-ਵੱਖ ਥਾਵਾਂ ‘ਤੇ ਬੰਨ੍ਹ ਨੂੰ ਮਜ਼ਬੂਤ ਰੱਖਣ ਲਈ ਲੋਕਾਂ ਵਲੋਂ ਭਰਵੇਂ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਨਾਲ ਸਥਿਤੀ ਕੰਟਰੋਲ ਹੇਠ ਚੱਲ ਰਹੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸੇ ਤਰ੍ਹਾਂ ਬਾਕੀ ਥਾਵਾਂ ਬੇਲਾ ਤਾਜੋਵਾਲ, ਧੈਂਗੜਪੁਰ, ਤਾਜੇਵਾਲ-ਮੰਢਾਲਾ, ਤਲਵੰਡੀ ਸ਼ਿਬੂ ਅਤੇ ਪੰਦਾਰਵਲ ਵਿਖੇ ਵੀ ਲੋਕਾਂ ਵਲੌਂ ਪ੍ਰਸ਼ਾਸਨ ਅਤੇ ਭਾਰਤੀ ਫੌਜ ਦੀ ਦੇਖ-ਰੇਖ ਵਿਚ ਲਗਾਤਾਰ ਕਾਰਜ ਜਾਰੀ ਹਨ। ਅੰਕੁਰਜੀਤ ਸਿੰਘ ਨੇ ਦੱਸਿਆ ਕਿ ਜ਼ਿਲਾ ਪ੍ਰਸ਼ਾਸਨ ਵੱਲੋਂ ਟਰੈਕਟਰਾਂ, ਜੇ.ਸੀ.ਬੀ. ਮਸ਼ੀਨਾਂ ਆਦਿ ਲਈ ਡੀਜ਼ਲ ਤੋਂ ਇਲਾਵਾ ਜਿੱਥੇ ਲੋੜ ਪੈਂਦੀ ਹੈ ਉੱਥੇ ਤਰਪਾਲਾਂ ਆਦਿ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਸਮੁੱਚੇ ਕਾਰਜ ਸੁਚੱਜੇ ਢੰਗ ਨਾਲ ਜਾਰੀ ਰਹਿਣ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਫ਼ਵਾਹਾਂ ਤੋਂ ਸੁਚੇਤ ਰਹਿੰਦਿਆਂ ਪ੍ਰਸ਼ਾਸਨ ਦੀ ਜਾਣਕਾਰੀ ਤੋਂ ਜਾਣੂ ਹੁੰਦੇ ਰਹਿਣ । ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਵੱਖ-ਵੱਖ ਥਾਵਾਂ ‘ਤੇ ਬੰਨ੍ਹ ਦੀ ਸਥਿਤੀ ‘ਤੇ ਪੂਰੀ ਨਜ਼ਰ ਰੱਖੀ ਜਾ ਰਹੀ ਹੈ ਅਤੇ ਇਸ ਕਾਰਜ ਲਈ ਸੀਨੀਅਰ ਅਧਿਕਾਰੀਆਂ ਦੀ ਅਗਵਾਈ ਵਿਚ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ । ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ, ਐਸ.ਡੀ.ਐਮ. ਅਨਮਜਯੋਤ ਕੌਰ, ਫੌਜ ਦੀ ਟੀਮ ਅਤੇ ਭਾਰੀ ਗਿਣਤੀ ਵਿਚ ਪਿੰਡ ਵਾਸੀ ਮੌਜੂਦ ਸਨ।

# ਖ਼ਾਲਸਾ ਪਬਲਿਕ ਸਕੂਲ ਔੜ 'ਚ 'ਅਧਿਆਪਕ ਦਿਵਸ' ਮਨਾਇਆ

## ਮਾਰਗ ਦਰਸ਼ਕ ਵਜੋਂ ਅਧਿਆਪਕਾਂ ਦੀ ਵੱਡੀ ਭੂਮਿਕਾ– ਢਾਹਾਂ

**ਬੰਗਾ/ਔੜ, 8 ਸਤੰਬਰ (ਚਰਨਜੀਤ ਸੱਲਾਂ)** ਸਮਾਜਿਕ ਸਾਂਝ ਸੰਸਥਾ ਬੰਗਾ ਵਲੋਂ ਖਾਲਸਾ ਪਬਲਿਕ ਸਕੂਲ ਔੜ ਵਿਖੇ ਅੱਜ 'ਅਧਿਆਪਕ ਦਿਵਸ਼' ਮਨਾਇਆ ਗਿਆ। ਸਨਮਾਨ ਰਸਮ ਦੌਰਾਨ ਪ੍ਰਿੰਸੀਪਲ ਅਤੇ ਸਮੂਹ ਅਧਿਆਪਕਾਂ ਨੂੰ ਹਾਰ ਪਹਿਨਾ ਕੇ ਇਤਿਹਾਸਕ ਪੁਸਤਕਾਂ ਅਤੇ ਯਾਦਗਾਰੀ ਚਿੰਨ੍ਹ ਪ੍ਰਦਾਨ ਕੀਤੇ ਗਏ। ਇਹ ਸਨਮਾਨ ਰਸਮ ਡਾ. ਕੁਲਵਿੰਦਰ ਸਿੰਘ ਢਾਹਾਂ, ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵਲੋਂ ਨਿਭਾਈ ਗਈ।

ਉਹਨਾਂ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੀਵਨ ਅੰਦਰ ਉਸਾਰੂ ਮਾਰਗ ਦਰਸ਼ਨ ਵਜੋਂ ਦਰਜ ਬ ਦਰਜਾ ਸਥਾਪਤੀਆਂ ਲਈ ਅਧਿਆਪਕ ਵਰਗ ਦੀ ਯੋਗ ਅਗਵਾਈ ਵੱਡੀ ਭੂਮਿਕਾ ਨਿਭਾਉਂਦੀ ਹੈ। ਉਹਨਾਂ ਅਧਿਆਪਕ ਵਰਗ ਨਾਲ ਸ਼ੁੱਭ ਕਾਮਨਾਵਾਂ ਵੀ ਸਾਂਝੀਆਂ ਕੀਤੀਆਂ ਅਤੇ ਸਮਾਜ ਅੰਦਰ ਅਧਿਆਪਕ- ਵਿਦਿਆਰਥੀ ਦੇ ਨਾਤੇ ਦੀ ਮਜ਼ਬੂਤੀ ਬਰਕਰਾਰ ਰਹਿਣ ਲਈ ਕਾਮਨਾ ਵੀ ਕੀਤੀ। ਉਹਨਾਂ ਢਾਹਾਂ ਕਲੇਰਾਂ ਵਿਖੇ ਸਿੱਖਿਆ ਅਤੇ ਮੈਡੀਕਲ ਖੇਤਰ ਵਿਚ ਨਿਭ ਰਹੀਆਂ ਸੇਵਾਵਾਂ ਦੀ ਵੀ ਸਾਂਝ ਪਾਈ।

'ਅਧਿਆਪਕ ਦਿਵਸ ਮੌਕੇ ਸਨਮਾਨਿਤ ਹੋਣ ਵਾਲਿਆਂ ਵਿੱਚ ਸਕੂਲ ਦੇ ਪ੍ਰਿੰਸੀਪਲ ਨਛੱਤਰ ਸਿੰਘ ਸੁੰਮਨ ਅਤੇ ਅਧਿਆਪਕ ਬਲਜੀਤ ਕੌਰ, ਰਣਜੀਤ ਕੌਰ ਤੂਰ, ਸੁਨੀਤਾ ਸੁੰਮਨ, ਸਾਰਿਕਾ ਸ਼ਰਮਾ, ਸੁਖਪ੍ਰੀਤ ਕੌਰ, ਬਲਜੀਤ ਕੌਰ, ਕੁਲਦੀਪ ਕੌਰ, ਸੰਦੀਪ ਕੌਰ, ਭੁਪਿੰਦਰ ਕੌਰ, ਜਸਵੀਰ ਕੌਰ, ਰਜਨੀ ਕੁਮਾਰੀ, ਮਨਪ੍ਰੀਤ ਕੌਰ, ਮਨਦੀਪ ਕੌਰ, ਵਰਿੰਦਰ ਕੌਰ, ਸਲਮਾ, ਸਿਮਰਨਪ੍ਰੀਤ ਕੌਰ, ਹਰਪ੍ਰੀਤ ਕੌਰ ਸ਼ਾਮਲ ਸਨ। ਸਕੂਲ ਦੇ ਪ੍ਰਿੰਸੀਪਲ ਨਛੱਤਰ ਸਿੰਘ ਸੁੰਮਨ ਨੇ ਇਸ ਮਾਣ ਲਈ ਸਮਾਜਿਕ ਸਾਂਝ ਸੰਸਥਾ ਬੰਗਾ ਦੇ ਨੁਮਾਇਦਿਆਂ ਦਾ ਧੰਨਵਾਦ ਕੀਤਾ ਅਤੇ ਮੁੱਖ ਮਹਿਮਾਨ ਵਲੋਂ ਦਿੱਤੀ ਪ੍ਰੇਰਨਾ ਨੂੰ ਅਦਾਰੇ ਦਾ ਸੁਭਾਗ ਦੱਸਿਆ। ਸਮਾਗਮ ਦੇ ਯੋਜਨਾਕਾਰ ਅਤੇ ਸਮਾਜਿਕ ਸਾਂਝ ਸੰਸਥਾ ਬੰਗਾ ਦੇ ਸੰਸਥਾਪਕ ਸੁਰਜੀਤ ਮਜਾਰੀ ਨੇ ਸਮਾਜਿਕ ਕਾਰਜਾਂ ਲਈ ਬਣਦੇ ਫ਼ਰਜ਼ ਨਿਭਾਉਣ ਲਈ ਅਪੀਲ ਕੀਤੀ ਅਤੇ ਹਮੇਸ਼ਾਂ ਉਤਸ਼ਾਹ ਨਾਲ ਅੱਗੇ ਵੱਧਣ ਦੀ ਲੋੜ 'ਤੇ ਜ਼ੋਰ ਦਿੱਤਾ। ਬਾਬੂ ਸੈਂਕਰ ਦਾਸ ਸੁਮਨ ਨੇ ਧੰਨਵਾਦ ਕੀਤਾ।



'ਅਧਿਆਪਕ ਦਿਵਸ' ਮੌਕੇ ਸਮਾਗਮ ਦੌਰਾਨ ਮੁੱਖ ਮਹਿਮਾਨ ਡਾ. ਕੁਲਵਿੰਦਰ ਸਿੰਘ ਢਾਹਾਂ ਦਾ ਸਵਾਗਤ ਕਰਦੇ ਹੋਏ ਪ੍ਰਿੰਸੀਪਲ ਨਛੱਤਰ ਸਿੰਘ ਸੁੰਮਨ ਅਤੇ ਸਟਾਫ ਮੈਂਬਰ।

# ਮੰਗਲ ਹਠੂਰ ਦਾ ਕੈਲੇਫੋਰਨੀਆ ਅਮੇਰਿਕਨ ਕੈਨੀਅਨ ਵਿੱਚ ਪ੍ਰੋਗਰਾਮ ਬਹੁਤ ਹੀ ਯਾਦਗਾਰੀ ਰਿਹਾ





**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)**-ਪ੍ਰਸਿੱਧ ਗੀਤਕਾਰ ਅਤੇ ਨਾਵਲਕਾਰ ਮੰਗਲ ਹਠੂਰ ਅੱਜਕਲ੍ਹ ਅਮਰੀਕਾ,ਕਨੇਡਾ ਟੂਰ ਤੇ ਹਨ ਤੇ ਉਹਨਾਂ ਦੀਆਂ ਮਹਿਫ਼ਲਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਕੈਲੇਫੋਰਨੀਆ ਅਮੇਰਿਕਨ ਕੈਨੀਅਨ ਵਿੱਚ ਅੱਜ 7 ਸਤੰਬਰ ਨੂੰ ਸੁਖਦੇਵ ਸਿੰਘ ਗਰੇਵਾਲ ਅਤੇ ਸਾਥੀਆਂ ਵੱਲੋਂ ਰੱਖਿਆ ਪ੍ਰੋਗਰਾਮ ਬਹੁਤ ਹੀ ਵਧੀਆ ਰਿਹਾ। ਸ਼ਾਇਰੋ ਸ਼ਾਇਰੀ ਦੀ ਇਸ ਮਹਿਫ਼ਲ ਵਿੱਚ ਮੰਗਲ ਹਠੂਰ ਦੀ 17 ਵੀਂ ਕਿਤਾਬ "ਅਗਲਾ ਜਨਮ" ਵੀ ਰੂਬਰੂ ਕੀਤੀ ਗਈ। ਇਸ ਮੌਕੇ ਪ੍ਰਸਿੱਧ ਗਾਇਕ ਘ ਭੋਗਲ ਨੇ ਵੀ ਆਪਣੇ ਗੀਤਾਂ ਨਾਲ ਹਾਜ਼ਰੀ ਲਗਵਾਈ ਮੁਕੰਦ ਲੂੰਬਾ ਹੋਰਾਂ ਵੀ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੋਗਰਾਮ ਵਿੱਚ ਸੁਖਦੇਵ ਸਿੰਘ ਗਰੇਵਾਲ,ਅਸ਼ੋਕ ਕੁਮਾਰ ਜੀ, ਅਮਰਜੀਤ ਸਿੰਘ ਬੰਟੀ, ਨਗਿੰਦਰ ਸਿੰਘ ਬੈਨੀਪਾਲ, ਕੁਲਦੀਪ ਸਿੰਘ ਗਰੇਵਾਲ ,ਸੁਰਜੀਤ ਸਿੰਘ ਭੱਠਲ,ਤਜਿੰਦਰ ਸਿੰਘ ਭੱਠਲ, ਸੁਖਜਿੰਦਰ ਸਿੰਘ ਗਰੇਵਾਲ, ਸਰਬੀ ਗਰੇਵਾਲ,ਵਿਜੇ ਵਿੱਜ, ਹਰਜਿੰਦਰ ਮੰਡੇਰ,ਸਤਿੰਦਰ ਬਾਸੀ, ਮਨਜਿੰਦਰ ਸਿੰਘ ਸੰਧੂ,ਜੀ ਭੋਗਲ, ਸੂਰਤ ਸਿੰਘ ਪੰਧੇਰ, ਚਰਨਜੀਤ ਸਿੰਘ ਭੁੱਲਰ, ਜਸਪ੍ਰੀਤ ਸਿੰਘ ਖਿੰਡਾ, ਗੁਰ-ਦੇਵ ਸਿੰਘ, ਜੋਗਾ ਸਿੰਘ, ਯਾਦਵਿੰਦਰ ਸਿੰਘ, ਮਹਿੰਮੀ ਸਾਹਬ, ਪਰਦੀਪ ਜੀ , ਮਾਸਟਰ ਜੀ ਅਤੇ ਬਾਕੀ ਸੱਜਣ ਹਾਜ਼ਰ ਹੋਏ।ਅਖੀਰ ਵਿੱਚ ਮੰਗਲ ਹਠੂਰ ਨੇ ਸਾਰੇ ਸੱਜਣਾਂ ਦਾ ਧੰਨਵਾਦ ਕੀਤਾ।



# ਪੈਨਸ਼ਨ ਐਸੋਸੀਏਸ਼ਨ ਯੂਨੀਅਨ ਡਵੀਜਨ ਬੰਗਾ ਵਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਦਾ ਕੀਤਾ ਫੈਸਲਾ :- ਅਜੀਤ ਰਾਮ ਪ੍ਰਧਾਨ



**ਬੰਗਾ (ਚਰਨਜੀਤ ਸੱਲ੍ਹਾਂ)** ਪੈਨਸ਼ਨ ਐਸੋਸੀਏਸ਼ਨ ਯੂਨੀਅਨ ਡਵੀਜਨ ਬੰਗਾ ਵਲੋਂ ਮਹੀਨਾਵਾਰ ਮੀਟਿੰਗ ਕੀਤੀ ਗਈ ਜਿਸ ਦੀ ਪ੍ਰਧਾਨਗੀ ਸ੍ਰੀ ਅਜੀਤ ਰਾਮ ਜੀ ਹੁਣਾਂ ਵਲੋਂ ਕੀਤੀ ਗਈ।ਮੀਟਿੰਗ ਵਿਚ ਸਰਬਸੰਮਤੀ ਨਾਲ ਆਪਣੇ ਪੱਧਰ ਉੱਤੇ ਸਹਾਇਤਾ ਕਰਨ ਦਾ ਫੈਸਲਾ ਕੀਤਾ ਗਿਆ।ਵੱਖ ਵੱਖ ਬੁਲਾਰਿਆਂ ਵਲੋਂ ਪੈਨਸ਼ਨਰਜ ਸਾਥੀਆਂ ਨੂੰ 2.59 ਦਾ ਫੈਕਟਰ ਲਗਾਕੇ ਬਣਦਾ ਏਰੀਅਰ ਦੇਣ, ਬਕਾਇਆ ਰਹਿੰਦਾ ਡੀ ਏ ਤੁਰੰਤ ਦਿੱਤਾ ਜਾਵੇ। ਅੱਜ ਦੀਆਂ ਮੌਜੂਦਾ ਹਾਲਾਤਾਂ ਬਾਰੇ ਸਰਕਾਰਾਂ ਦਾ ਰਵੈਈਆ ਬਿੱਲਕੁਲ ਨਾ ਪੱਖੀ ਹੈ ਅਤੇ ਹੜ੍ਹ ਪ੍ਰਭਾਵਤ ਇਲਾਕਿਆਂ ਵਿਖੇ ਜਾ ਕੇ ਫੋਟੋ ਛੂਟ ਤੋਂ ਸਿਵਾਏ ਕੁੱਝ ਵੀ ਨਹੀਂ ਕਰ ਰਹੀਆਂ। ਪੈਨਸ਼ਨ ਐਸੋਸੀਏਸ਼ਨ ਯੂਨੀਅਨ ਪੰਜਾਬ ਵਲੋਂ ਇਨ੍ਹਾਂ ਸਰਕਾਰਾਂ ਦੇ ਗਲਤ ਰਵੈਈਏ ਦੇ ਖਿਲਾਫ ਸੰਘਰਸ਼ ਪ੍ਰੋਗਰਾਮ ਦੇ ਅਨੁਸਾਰ ਮਿਤੀ 25-09-2025 ਸਰਕਲ ਪੱਧਰ ਤੇ ਧਰਨੇ ਦੇਣ ਉਪਰੰਤ ਸੂਬਾ ਪੱਧਰੀ ਇੱਕ ਦਿਨ ਦਾ ਧਰਨਾ ਦਿੱਤਾ ਜਾਵੇਗਾ। ਇਸ ਮੀਟਿੰਗ ਵਿੱਚ ਹੇਠਾਂ ਅਨੁਸਾਰ ਮੈਂਬਰ ਮੌਜੂਦ ਸਨ ਅਜੀਤ ਰਾਮ, ਰਾਮ ਲੁਭਾਇਆ, ਸੰਤਨ ਸਿੰਘ, ਸ੍ਰੀ ਕ੍ਰਿਸ਼ਨ ਸਿੰਘ, ਨਸੀਬ ਚੰਦ, ਫੁੱਮ ਸਿੰਘ, ਸੁਰਿੰਦਰ ਪਾਲ, ਗੁਰਪਾਲ ਲਾਲ, ਦੇਵ ਰਾਜ, ਧਨਪਤ ਰਾਏ, ਰਜਿੰਦਰ ਸਿੰਘ, ਚਰਨਜੀਤ ਸਿੰਘ, ਪਿਆਰਾ ਲਾਲ, ਚਰਨ ਸਿੰਘ, ਸੰਤੋਖ ਸਿੰਘ, ਅਸੋਕ ਕੁਮਾਰ, ਅਵਤਾਰ ਸਿੰਘ, ਬਲਵੀਰ ਕੁਮਾਰ, ਸਰਬਣ ਸਿੰਘ, ਮਲਕੀਤ ਚੰਦ, ਗੁਰਮੀਤ ਸਿੰਘ,ਠਾਕਰ ਦਾਸ ਆਦਿ ਸਟੇਜ ਦੀ ਕਾਰਵਾਈ ਸ੍ਰੀ ਕ੍ਰਿਸ਼ਨ ਸਿੰਘ ਜੀ ਵਲੋਂ ਨਿਭਾਈ ਗਈ।

# ਫਿਲੌਰ ਵਿਖੇ 9 ਸਤੰਬਰ ਨੂੰ ਦੁਆਬਾ ਪੱਧਰ ਦਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ : ਕਰੀਮਪੁਰੀ

## ਗੁਰੂ ਰਵਿਦਾਸ ਮਹਾਰਾਜ ਜੀ ਦੇ ਸਨਮਾਨ ਮੇਂ ਬੀ ਐੱਸ ਪੀ ਮੈਦਾਨ ਮੇਂ

**ਜਲੰਧਰ (ਚਰਨਜੀਤ ਸੱਲ੍ਹਾਂ )** ਫਿਲੌਰ ਵਿਖੇ 9 ਸਤੰਬਰ ਨੂੰ ਦੁਆਬਾ ਪੱਧਰ ਤੇ ਰੋਸ਼ ਪ੍ਰਦਰਸਨ ਬਸਪਾ ਵੱਲੋਂ ਕੀਤਾ ਜਾਵੇਗਾ ਇਸ ਗੱਲ ਦਾ ਪ੍ਰਗਟਾਵਾ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਪ੍ਰੈਸ ਕੋਲ ਕੀਤਾ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਹਿਲਾਂ ਹੀ ਹੜ੍ਹ ਆਇਆ ਹੋਇਆ ਹੈ ਜਿਸ ਕਰਕੇ ਲੋਕ ਵੱਖ ਵੱਖ ਸਮਿੱਸਿਆ ਨਾਲ ਜੂਝ ਰਹੇ ਹਨ ਪਰ ਇਸ ਸਰਕਾਰ ਨੂੰ ਕੋਈ ਫਰਕ ਨਹੀਂ ਪੈਂਦਾ ਇਹ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਜੀ ਦੀ ਚਾਰਦੀਵਾਰੀ ਨੂੰ ਢਹਿ ਢੇਰੀ ਕੀਤਾ ਹੈ ਜੋਂ ਅਜੇ ਤੱਕ ਵੀ ਜਿਉਂ ਦਾ ਤਿਉਂ ਹੈ ਕਸੂਰ ਵਾਰ ਬਿਨਾਂ ਕਿਸੇ ਡਰ ਤੋਂ ਬਾਹਰ ਘੁੰਮ ਰਹੇ ਹਨ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਨਮਾਨ ਮੇਂ ਬੀ ਐੱਸ ਪੀ ਮੈਦਾਨ ਮੇਂ ਪੰਜਾਬ ਸੰਭਾਲੋ




ਮੁਹਿੰਮ ਤਹਿਤ ਦੁਆਬਾ ਪੱਧਰ ਤੇ ਰੋਸ਼ ਪ੍ਰਦਰਸਨ ਐਸ ਡੀ ਐਮ ਫਿਲੌਰ ਵਿਖੇ ਕੀਤਾ ਜਾਵੇਗਾ ਸੋ ਸਾਰੀਆਂ ਜਥੇਬੰਦੀਆਂ ਸ੍ਰੀ ਗੁਰੂ ਰਵਿਦ-ਾਸ ਸਭਾਵਾਂ, ਬਾਬਾ ਸਾਹਿਬ ਡਾ ਅੰਬੇਡਕਰ ਸਭਾਵਾਂ, ਰਿਸ਼ੀ ਵਾਲਮੀਕ ਸਭਾਵਾਂ ਅਤੇ ਹੋਰ ਅਮਨ ਪਸੰਦ ਇਨਸਾਫ਼ ਪਸੰਦ ਸਭਾਵਾਂ ਨੂੰ ਇਸ ਮੌਕੇ ਤੇ 9 ਸਤੰਬਰ ਨੂੰ ਫਿਲੌਰ ਵਿਖੇ ਪਹੁੰਚਣ ਦਾ ਸੱਦਾ ਦਿੰਦੇ ਹਾਂ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.

(Free Consultation)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ: Anaemia ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (Nerve Tonic) ... ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (Healthy Sperms) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(Azoospermia), (Hydrocele), (Gonorrhoea), (Prostate Gland), (Syphilis), Spermatic ... (Varicocele) ...

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders)

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**

Lady Consultant & Practitioner is Available, Mrs. Jaswinder Kaur Khanba BSYA (Hom.) (A.P) and (Nutri.)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (Scientifically Proven 'Natural Gifts')

... INFORMATION ... 1 ਮਹੀਨੇ ਦੀ ਕੀਮਤ

- ਨੁਸਖਾ ਨੰਬਰ 1 (In Tablets): ... (Pigmentation White Spots) ... £69
- ਨੁਸਖਾ ਨੰਬਰ 2 (In Capsules or in Pearls): ... Proper Shape ... £89
- ਨੁਸਖਾ ਨੰਬਰ 3 (In Capsules): ... (Powerful Fat Burner) ... £69
- ਨੁਸਖਾ ਨੰਬਰ 4 (In Capsules): ... (Flabby & out of Shape Belly) ... Flat ਅਤੇ Toned ... £69
- ਨੁਸਖਾ ਨੰਬਰ 5 (In Capsules): ... (Female sex-Drive) ... A Real Magic ... £69
- ਨੁਸਖਾ ਨੰਬਰ 6 (Gel In Applicators): ... Sexual Discomfort ... Vaginal Lubrication Gel / (Magic) — £49
- ਨੁਸਖਾ ਨੰਬਰ 7 (In Capsules): ... (Menopause) ... Calcium ... (Osteoporosis) ... £59
- ਨੁਸਖਾ ਨੰਬਰ 8 (In Capsules): ... £59
- ਨੁਸਖਾ ਨੰਬਰ 9 (In Capsules): ... £59
- ਨੁਸਖਾ ਨੰਬਰ 10 (In Capsules): ... Guaranteed Good Quality Sleep — £59
- ਨੁਸਖਾ ਨੰਬਰ 11 (In Tablets): ... (Anaemia) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

- ਨੁਸਖਾ ਨੰਬਰ 12 (In Tablets): ... (Special Occasions) ... £89
- ਨੁਸਖਾ ਨੰਬਰ 13 (In Vials): ... £89
- ਨੁਸਖਾ ਨੰਬਰ 14 (In Tablets): ... Sexual ... Male Disorders ... £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy) ਵਗੈਰਾ।

## ਅਸੀਂ External Use ਲਈ Lotion, Oil Ointment, Liniment ਅਤੇ Capsules ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ Specific Brands ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES | (in Ointment) ... | £19 |
| NURALACO | (in Ointment or Lotion) ... | £19 |
| CHILLAGA | (in Ointment or Lotion) ... | £19 |
| ARNSTRA | (in Ointment) ... (Bed Sores) ... | £19 |
| BELINFLA | (in Oil or Ointment) ... | £19 |
| BELULCE | (in Oil) ... Ulcers ... | £19 |
| BRYJOIN | (in Oil) ... | £19 |
| CALWOUN | (in Oil or Ointment) ... | £19 |
| BURCAN | (in Lotion or Ointment) ... | £19 |
| ROUTUM | (in Ointment) ... | £19 |
| JOINRHU | (in Oil) ... | £19 |
| ABSSIL | (in Lotion) ... | £19 |
| ITCSUL | (in Oil) ... | £19 |
| WARTHU | (in Oil) ... (Warts) ... | £19 |

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL



MANJEET SINGH KHANBA
Award Winner 1999, 2001 & 2005 (2 Awards) BSYA

PLEASE MAKE AN APPOINTMENT: **MANJEET SINGH KHANBA**
M.A. M.(Lit) BSYA (Hom.) & (A.P.) (Adv. Herbalism) and Nutri.) HOM. CONSULTANT & PRACTITIONER,
236, Blagreaves Lane, Littleover, Derby. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਭੁਲੱਥ ਕਬੱਡੀ ਕਲੱਬ ਨੇ ਵੱਡੇ ਪੱਧਰ ਤੇ ਹੜ੍ਹ ਪੀੜਤਾਂ ਦੀ ਕੀਤੀ ਮਦਦ

## ਮੁਫਤ ਮੈਡੀਕਲ ਕੈਂਪ, ਰਾਸ਼ਨ ਸਮੱਗਰੀ, ਪਸ਼ੂਆਂ ਦਾ ਅਚਾਰ ਫੀਡ ਤੇ ਤਰਪਾਲਾਂ ਵੰਡੀਆਂ










**ਰਾਸ਼ਨ ਤੇ ਰਾਹਤ ਸਮੱਗਰੀ ਰਵਾਨਾ ਕਰਨ ਵਕਤ ਜਾਣਕਾਰੀ ਦਿੰਦੇ ਹੋਏ ਕਬੱਡੀ ਕਲੱਬ ਦੇ ਮੈਂਬਰ।**

**ਭੁਲੱਥ, ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਕਬੱਡੀ ਜਗਤ ਦੀ ਨਾਮਵਰ ਹਸਤੀ ਕਬੱਡੀ ਪ੍ਰਮੋਟਰ ਸਵ: ਅਵਤਾਰ ਸਿੰਘ ਬੱਲ ਯਾਦਗਾਰੀ ਭੁਲੱਥ ਕੱਬਡੀ ਕਲੱਬ ਵਲੋਂ ਪੰਜਾਬ ਵਿਚ ਵੱਖ-ਵੱਖ ਥਾਵਾਂ ਤੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਭੁਲੱਥ ਕਬੱਡੀ ਕਲੱਬ ਦੇ ਪ੍ਰਧਾਨ ਪ੍ਰਭਜੋਤ ਸਿੰਘ ਘੁੰਮਣ ਨੇ ਦੱਸਿਆ ਕਿ ਪੰਜਾਬ ਦੇ ਵੱਖ-ਵੱਖ ਥਾਵਾਂ ਤੇ ਕਲੱਬ ਵਲੋਂ ਹੜ੍ਹ ਪੀੜਤਾ ਦੀ ਮਦਦ ਕੀਤੀ ਜਾ ਰਹੀ ਅਤੇ ਜਰੂਰੀ ਲੋੜ ਵਾਲਾ ਸਮਾਨ ਮਹੁੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਿਵੇਂ ਅਜਨਾਲਾ ਵਿਖੇ ਪੱਕੇ ਤੋਰ ਤੇ 24 ਘੰਟੇ ਵਾਸਤੇ ਮੁਫਤ ਮੈਡੀਕਲ ਕੈਂਪ ਪਿੱਛਲੇ 6 ਦਿਨ ਤੋ। ਲਗਾਇਆ ਗਿਆ ਹੈ ਅਤੇ ਉੱਥੇ ਟੀਮ ਲੋਕਾਂ ਨੂੰ ਦਿਨ-ਰਾਤ ਮੈਡੀਕਲ ਮਦਦ ਕਰ ਰਹੀ ਹੈ, ਜਿਸ ਵਿਚ



ਅਸਟ੍ਰੇਲੀਆ ਕਬੱਡੀ ਕਲੱਬ ਦਾ ਵੱਡਾ ਸਹਿਯੋਗ ਹੈ। ਇਸ ਤੋਂ ਇਲਾਵਾ ਹਲਕਾ ਭੁਲੱਥ ਦੇ ਮੰਡ ਖੇਤਰ ਸਮੇਤ ਜਿਲਾ ਕਪੂਰਥਲਾ ਅਧੀਨ ਸੁਲਤਾਨ-ਪੁਰ ਲੋਧੀ ਤੇ ਤਲਵੰਡੀ ਚੋਧਰੀਆ ਅਤੇ ਰੜਾ ਮੋੜ ਗੁਰਦਾਸਪੁਰ ਤੇ ਅਜਨਾਲਾ, ਫਿਰੋਜਪੁਰ ਤੇ ਹੋਰ ਇਲਾਕਿਆ ਵਿਚ ਵੀ ਕਲੱਬ ਵਲੋਂ ਹੜ੍ਹ ਪ੍ਰਭਾਵਿਤ ਲੋਕਾ ਨੂੰ ਰਾਸ਼ਨ ਤੇ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸੰਕਟ ਵਕਤ ਸਾਡਾ ਫਰਜ ਬਣਦਾ ਕਿ ਆਪਣੇ ਭਾਈਚਾਰੇ ਨਾਲ ਖੜ੍ਹੇ ਹੋਈਏ ਅਤੇ ਉਨ੍ਹਾਂ ਦੀ ਹਰ ਸੰਭਵ ਮਦਦ ਕਰੀਏ। ਉਨ੍ਹਾਂ ਕਿਹਾ ਕਿ ਕਬੱਡੀ ਕਿੰਗ ਮੋਹਨਬੀਰ ਸਿੰਘ ਬੱਲ ਨੇ ਐਲਾਨ ਕੀਤਾ ਕਿ ਹੜ੍ਹ ਦੀ ਹਰ ਸੰਭਵ ਮਦਦ ਕਰਨ ਦੀ ਕੋਸ਼ਿਸ਼ ਕਲੱਬ ਵਲੋਂ ਕੀਤੀ ਜਾਵੇਗੀ ਅਤੇ ਜਦੋਂ ਲੋਕ ਘਰਾਂ ਵਿਚ ਜਾਣਗੇ ਉੱਥੇ ਘਰਾਂ ਵਿਚ ਜੋ ਜਰੂਰੀ ਲੋੜ ਦਾ ਸਮਾਨ ਹੋਵੇਗਾ ਉਹ ਵੀ ਦਿੱਤਾ ਜਾਵੇਗਾ। ਇਸ ਤੌਂ ਇਲਾਵਾ ਕਿਸਾਨਾਂ ਨੂੰ ਜਮੀਨਾਂ ਅਬਾਦ ਕਰਨ ਵਿਚ ਮਦਦ ਕੀਤੀ ਜਾਵੇਗੀ ਅਤੇ ਪ੍ਰਭਾਵਿਤ ਸਮੇਂ ਤੱਕ ਮੈਡੀਕਲ ਸਹੂਲਤਾਂ ਬਰਕਰਾਰ ਰਹਿਣਗੀਆਂ। ਅੱਜ ਉਨ੍ਹਾਂ ਵਲੋਂ ਇਕ ਵੱਡੀ ਟਰਾਲੀ ਭਰਕੇ ਤੇ ਆਮ ਵਾਹਨਾਂ ਰਾਹੀਂ ਪਸ਼ੂਆ ਦੀ ਫੀਡ ਤੇ ਅਚਾਰ ਸਮੇਤ ਸੈਕੜੇ ਪੇਟੀਆ ਪਾਣੀ ਦੀਆ ਮੰਡ ਖੇਤਰ ਨੂੰ ਰਵਾਨਾਂ ਕੀਤੀਆ ਗਈਆ ਅਤੇ ਆਟੇ ਦੀਆ ਥੈਲੀਆਂ ਤੇ ਸੁੱਕਾ ਰਾਸ਼ਨ ਦੇ ਪੈਕਟ ਵੀ ਵੰਡੇ। ਇਸ ਮੌਕੇ ਕਲੱਬ ਮੈਂਬਰ ਸਰਵਨ ਸਿੰਘ ਫੌਜੀ ਕੋਚ, ਹਰਪ੍ਰੀਤ ਸਿੰਘ ਗੋਲਡੀ, ਜਤਿੰਦਰ ਸਿੰਘ ਘੋਤੜਾ, ਜਗਦੀਪ ਸਿੰਘ ਹੁੰਦਲ, ਪ੍ਰਤਾਪ ਸਿੰਘ ਭਿੰਡਰ, ਜੱਸ ਨਾਗਰਾ, ਯਾਦਵਿੰਦਰ ਸਿੰਘ ਲਿਟਾਂ, ਅਮਨਦੀਪ ਸਿੰਘ ਟਿੱਕਾ ਤੇ ਹੋਰ ਹਾਜਰ ਸਨ।

# ਹੜ੍ਹਾ ਨਾਲ ਨਜਿੱਠਣ ਦੀ ਤਿਆਰੀ ਨਾ ਕਰਨਾ ਸਬੰਧਤ ਵਿਭਾਗਾਂ ਦੀ ਨਲਾਇਕ : ਡਾ ਹਰੀ ਕ੍ਰਿਸ਼ਨ ਬੰਗਾ

**ਬੰਗਾ (ਚਰਨਜੀਤ ਸੱਲ੍ਹਾਂ )** ਬਰਸਾਤ ਦੇ ਮਹੀਨਿਆ ਦਾ ਤਕਰੀਬਨ ਸੱਭ ਨੂੰ ਪਤਾ ਹੁੰਦਾ।ਸਬੰਧਤ ਵਿਭਾਗਾਂ ਨੂੰ ਜਿਆਦਾ ਪਤਾ ਹੁੰਦਾ, ਕਿਉਂਕੇ ਉਹ ਹਰ ਸਾਲ ਇਸ ਨਾਲ ਜੂਝਦੇ ਹਨ।ਹੜ੍ਹ ਵੀ ਹਰ ਸਾਲ ਆਉਂਦੇ ਆ, ਕਦੇ ਘੱਟ ਤੇ ਕਦੇ ਵੱਧ, ਫੇਰ ਅਸੀਂ ਐਨਾ ਨੁਕਸਾਨ ਕਿਉਂ ਕਰਾਉਂਦੇ ਆ। ਇਹ ਕੋਈ ਅਚਨਚੇਤ ਸਮੱਸਿਆ ਨਹੀਂ!!ਇਹਨਾਂ ਨਾਲ ਨਜਿੱਠਣ ਦੀ ਤਿਆਰੀ ਨਾ ਕਰਨਾ ਸਬੰਧਤ ਵਿਭਾਗਾਂ ਦੀ ਨਲਾਇਕੀ ਕੁਤਾਹੀ ਹੈ।ਸਰਕਾਰ ਦਾ ਉਹਨਾਂ ਮਹਿਕਮਿਆਂ ਨੂੰ ਅਨਗੌਲਿਆ ਕਰਨਾ, ਸਰਕਾਰਾਂ ਦੀ ਅਸੱਫਲਤਾ ਦਰਸਾਉਂਦੀ ਹੈ। ਵਿੱਪਤਾ ਪੈਣ ਤੇ ਫੰਡ ਮੰਗਣੇ, ਮਦੱਦ ਲਈ ਕਹਿਣਾ ਤਾਂ ਉਹ ਗੱਲ ਹੋਈ, ਨੇੜੇ ਆਈ ਜੰਝ ਵਿਨੋ ਕੁੱੜੀ ਦੇ ਕੰਨ



- ਸਮੇਂ ਸਮੇਂ ਤੇ ਜਿਹੜ੍ਹੇ ਬੰਧ ਟੁੱਟਦੇ ਆ, ਉਹਨਾਂ ਦਾ ਨਿਰੀਖਣ ਕਰਨਾ, ਪਾਣੀ ਦੀ ਮਾਰ ਝੱਲਣ ਦੀ ਸ਼ਮਤਾ ਚੈਕ ਕਰਨਾ ਆਦਿ।

-ਬਰਸਾਤੀ ਨਾਲਿਆਂ, ਡਰੇਨਾ ਦੀ ਬਰਸਾਤ ਤੋਂ ਪਹਿਲਾਂ ਸਫਾਈ ਕਰਾਣਾ।

-ਸ਼ਿਵਰੇਜ ਸਿਸਟਮ ਨੂੰ ਚੈਕ ਕਰਨਾ। ਜਿਹੜ੍ਹੇ ਬੰਧ ਅਕਸਰ ਟੁੱਟਦੇ ਆ,* ਉਹਨਾਂ ਦੇ ਨਾਲ ਨਾਲ ਦਰੱਖਤ ਲਾਉਣੇ ਬਹੁਤ ਹੀ ਕਾਰਗਰ ਸਿੱਧ ਹੋਣਗੇ। ਕਿਉਂਕੇ ਦਰੱਖਤ ਦੀਆਂ ਜੜ੍ਹਾਂ ਮਿੱਟੀ ਨੂੰ ਪਕੜ੍ਹ ਕੇ ਰੱਖਣ ਦੀ ਸ਼ਮਤਾ ਰੱਖਦੇ ਹਨ। ਜਿਸ ਨਾਲ ਬੰਧ ਹੋਰ ਮਜਬੂਤ ਹੋਣਗੇ ਤੇ ਹੜ੍ਹਾਂ ਦੀ ਮਾਰ ਤੋਂ ਸਾਡੇ ਮਾਲ ਡੰਗਰ ਤੇ ਫੱਸਲ ਦੇ ਨੁਕ-ਸਾਨ ਤੋਂ ਬਚਾਉਣ ਗੇ।ਦਰੱਖਤ ਲਾਉਣ ਲਈ ਸਵੈ ਸੇਵੀ ਸੰਸਥਾਵਾਂ ਦਾ ਸਾਥ ਲੈ ਲੈਂਣਾ ਲਾਹੇਵੰਧ ਸਾਬਿਤ ਹੋਵੇਗਾ। ਇਸ ਨਾਲ ਹੁਣ ਤੱਕ ਕੁਦਰਿਤ ਨਾਲ ਕੀਤੇ, ਖਿਲਵਾੜ੍ਹ ਦੀ ਭਰਮਾਈ ਹੋ ਜਾਵੇਗੀ ਤੇ ਕੁਦਰਿਤ ਸਾਡੇ ਤੇ ਮੇਹਰਬਾਨ ਹੋ ਜਾਵੇਗੀ।

ਸਾਡੇ ਕਿਸਾਨ ਭਰਾਵਾਂ ਦੀਆਂ ਫਸਲਾਂ ਤੇ ਕੀਤੀ ਮੇਹਨਤ ਤੇ ਹੋਰ ਗਰੀਬ, ਮਾਲ ਡੰਗਰ ਦਾ ਬਚਾ ਹੋ ਜਾਵੇਗਾ। ਇਹਨਾਂ ਸਾਰਿਆਂ ਦੀ ਖੁਸ਼ਹਾਲੀ ਤੇ ਹਰ ਇੱਕ ਦੀ ਮੇਹਨਤ ਵਰ ਆਉਗੀ।

**ਹਰੀ ਕ੍ਰਿਸ਼ਨ ਬੰਗਾ**
**ਜਨਰਲ ਸੈਕਟਰੀ**
**ਆਦਰਸ਼ ਸ਼ੌਸ਼ਲ ਵੈਲਫ਼ੇਅਰ ਸੋਸਾਇਟੀ ਪੰਜਾਬ**

# ਪਿੰਡ ਸਸਰਾਲੀ ਜਿਲਾ ਲੁਧਿਆਣਾ ਦੇ ਬੰਨ ਦੇ ਸਮੱਸਿਆ 78 ਸਾਲਾਂ ਦੇ ਹਾਕਮ ਅਤੇ ਸੈਂਡ ਮਾਫੀਆ ਜਿੰਮੇਵਾਰ ਬਸਪਾ ਦੀ ਪੰਜਾਬ ਸੰਭਾਲੋ ਮਹਿਮ ਹੀ ਇਸ ਸੰਕਟ ਚੋਂ ਪੰਜਾਬ ਨੂੰ ਕੱਢ ਸਕਦੀ --ਕਰੀਮਪੁਰੀ

**ਲੁਧਿਆਣਾ( ਚਰਨਜੀਤ ਸੱਲ੍ਹਾਂ)** ਬਹੁਜਨ ਸਮਾਜ ਪਾਰਟੀ ਦੀ ਪੰਜਾਬ ਸੰਭਾਲੋ ਮਹਿਮ ਅੱਜ ਪਿੰਡ ਸਸਰਾਲੀ ਜ਼ਿਲ੍ਹਾ ਲੁਧਿਆਣਾ ਸਤਲੁਜ ਦਰਿਆ ਤੇ ਪਹੁੰਚੀ ਅਤੇ ਬੰਨ ਦੇ ਹਾਲਾਤਾਂ ਦਾ ਜਾਇਜ਼ਾ ਲਿਆ ਪੰਜਾਬ ਦੇ ਅੰਦਰ ਇਸ ਸੰਕਟ ਦੀ ਘੜੀ ਚ ਪੰਜਾਬ ਸੰਭਾਲੋ ਮਹਿਮ ਹੜ ਪੀੜਤਾਂ ਨਾਲ ਡੱਟ ਕੇ ਖੜੀ ਪ੍ਰੰਤੂ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਇਸ ਸੰਕਟ ਨਦਾਰਦ ਪੰਜਾਬੀਆਂ ਦੇ ਜਜ਼ਬੇ ਨੂੰ ਸਲਾਮ ਸੰਗਤਾਂ ਨੇ ਇੱਕਜੁੱਟ ਹੋ ਕੇ ਇਸ ਔਖੀ ਘੜੀ ਚ ਇਸ ਚੁਨੌਤੀ ਦਾ ਸਾਹਮਣਾ ਕੀਤਾ ਸਤਲੁਜ ਦਰਿਆ ਦੇ ਮੌਜੂਦਾ ਹਾਲਾਤਾਂ ਲਈ ਲੈਂਡ ਮਾਫੀਆ ਜਿੰਮੇਵਾਰ ਰੇਤ ਮਾਫੀਆ ਨੂੰ ਸਾਰੀਆਂ ਪਾਰਟੀਆਂ ਦੀਆਂ ਸਰਕਾਰਾਂ ਦੀ ਸਰਪਰਸਤੀ ਰਹੀ ਅੱਜ ਆਮ ਪਾਰਟੀ ਇਸ ਤੋਂ ਪਹਿਲਾਂ ਕਾਂਗਰਸ ਪਾਰਟੀ ਉਸ ਤੋਂ ਪਹਿਲਾਂ ਅਕਾਲੀ ਭਾਜਪਾ ਚਾਰੇ ਰਾਜਨੀਤਿਕ ਦਲ ਰੇਤ ਮਾਫੀਆ ਨੂੰ ਸਰਪਰਸਤੀ ਦਿੰਦੇ ਰਹੇ ਅੱਜ ਮੈਨੂੰ ਪਿੰਡ ਵਾਸੀਆਂ ਅਤੇ ਇਲ-ਾਕਾ ਵਾਸੀਆਂ ਨੇ ਦੱਸਿਆ ਕਿ ਅਸੀਂ ਰੇਤ ਮਾਫੀਆ ਦਾ ਵਿਰੋਧ ਕਰਦੇ ਸੀ ਸਾਡੇ ਤੇ ਸਰਕਾਰਾਂ ਮੁਕਦ-ਮੇ ਦਰਜ ਕਰਦੀਆਂ, ਮਾਫੀਆ ਆਵਾਜ਼ ਉਠਾਣ ਵਾਲਿਆਂ ਤੇ ਹਮਲੇ ਕਰਦਾ ਪ੍ਰੰਤੂ ਸ਼ਾਸਕ ਅਤੇ ਪ੍ਰਸ਼ਾਸਨ ਸਭ ਕੁਝ ਚੁੱਪ ਦੇਖਦੇ ਰਹਿੰਦੇ ਤੇ ਮਾਫੀਏ ਦੀ ਪਿੱਠ ਥਾਪੜਦੇ ਰਹਿੰਦੇ ਕਰੀਮਪੁਰੀ ਨੇ ਕਿਹਾ





ਬਹੁਜਨ ਸਮਾਜ ਪਾਰਟੀ ਦੀ ਪੰਜਾਬ ਸੰਭਾਲੋ ਮਹਿਮ ਹੀ ਐਸੇ ਸੰਕਟ ਚੋਂ ਪੰਜਾਬ ਨੂੰ ਕੱਢ ਸਕਦੀ ਹ ਸੰਗਤਾਂ ਨੂੰ ਬਸਪਾ ਦੀ ਪੰਜਾਬ ਸੰਭਾਲੋ ਮਹਿਮ ਨੂੰ ਅਸ਼ੀਰਵਾਦ ਦੇਣ ਦਾ ਸੱਦਾ ਇਸ ਮੌਕੇ ਪਾਰਟੀ ਦੇ ਸਟੇਟ ਜਨਰਲ ਸੈਕਟਰੀ ਬਲਵਿੰਦਰ ਬਿੱਟਾ, ਸਟੇਟ ਜਨਰਲ ਸੈਕਟਰੀ ਠੇਕੇਦਾਰ ਹਰਭਜਨ ਸਿੰਘ ਬੱਜਹੇੜੀ,ਸਟੇਟ ਜਨਰਲ ਸੈਕਟਰੀ ਮਾਸਟਰ ਬਲਜੀਤ ਸਿੰਘ ਸਲਾਣਾ,ਜਿਲਾ ਪ੍ਰਧਾਨ ਖੰਨਾ ਹਰਭਜਨ ਸਿੰਘ ਦੁਲਵਾ ਜੀ ਜਿਲਾ, ਸ਼ਹਿਰੀ ਦੇ ਇੰਚਾਰਜ ਜੀਤ ਰਾਮ ਬਸਰਾ ਜੀ, ਬਲਵਿੰਦਰ ਜੱਸੀ ਸ਼ਹਿਰੀ ਪ੍ਰਧਾਨ ਤੋਂ ਇਲਾਵਾ ਲੁਧਿਆਣਾ ਦਿਹਾਤੀ ਦੇ ਕੋਆਰਡੀਨੇਟਰ ਪਰਗਨ ਬਿਲਗਾ ਜੀ, ਸ੍ਰੀ ਦਵਿੰਦਰ ਬਿੱਟੂ ਸ਼ੇਰਪੁਰੀਆ ਜ਼ਿਲ੍ਹਾ ਸੈਕਟਰੀ, ਵਿਧਾਨ ਸਭਾ ਹਲਕਾ ਸਾਹ-ਨੇਵਾਲ ਦੇ ਪ੍ਰਧਾਨ ਹਰਜਿੰਦਰ ਜੀ ਤੇ ਹੋਰ ਪਾਰਟੀ ਲੀਡਰਸ਼ਿਪ ਵਰਕਰ ਵੱਡੇ ਪੱਧਰ ਤੇ ਮੌਜੂਦ ਸਨ।

# ਹੜ ਪੀੜਤ ਪਰਿਵਾਰਾਂ ਦੀ ਮੱਦਦ ਕਰਨ ਵਾਸਤੇ ਇਲਾਕਾ ਨਿਵਾਸੀਆਂ/ਦੋਵੇਂ ਸਭਾਵਾਂ ਦੇ ਮੈਂਬਰਾਂ ਨੂੰ ਆਰਥਿਕ ਸਹਾਇਤਾ ਕਰਨ ਦੀ ਅਪੀਲ

**ਸਮਾਜ ਵੀਕਲੀ ਯੂ ਕੇ**

**ਬਹੁਜਨ ਹਿਤਾਏ ਬਹੁਜਨ ਸੁਖਾਏ**

ਜਿਸ ਤਰਾਂ ਆਪ ਸਭ ਭਲੀ ਭਾਂਤੀ ਜਾਣਦੇ ਹੋ ਕਿ ਹਸਦਾ ਵਸਦਾ ਪੰਜਾਬ ਪਿਛਲੇ ਕਰੀਬ 15 ਦਿਨਾ ਤੋਂ ਬੁਰੀ ਤਰਾਂ ਨਾਲ ਹੜ੍ਹਾਂ ਦੀ ਮਾਰ ਝੇਲ ਰਿਹਾ ਹੈ। ਜਿਸ ਕਾਰਨ ਆਮ ਲੋਕਾਂ ਦਾ ਜੀਵਨ ਬੁਰੀ ਤਰਾਂ ਪ੍ਰਭਾਵਤ ਹੋਇਆ ਹੈ।

ਇਸ ਕਰਕੇ ਬੋਧੀਸਤਵ ਅੰਬੇਡਕਰ ਸਕੂਲ ਫੂਲਪੁਰ ਧਨਾਲ ਜਲੰਧਰ ਅਤੇ "ਜ਼ਿੰਦਗੀ-ਏ-ਆਸ" ਘੌ "ਵਲੋਂ ਸਾਂਝੇ ਤੌਰ ਤੇ" ਹੜ ਪੀੜਤ ਪਰਿਵਾਰਾਂ ਦੀ ਮੱਦਦ ਕਰਨ ਵਾਸਤੇ ਇਲਾਕਾ ਨਿਵਾਸੀਆਂ/ਦੋਵੇਂ ਸਭਾਵਾਂ ਦੇ ਮੈਂਬਰਾਂ ਨੂੰ ਆਰਥਿਕ ਸਹਾਇਤਾ (ਮਾਲੀ ਮਦਦ) ਕਰਨ ਦੀ ਅਪੀਲ ਕੀਤੀ ਜਾਂਦੀ ਹੈ, ਉਸਦੇ ਨਾਲ ਹੀ ਇਹ ਵੀ ਅਪੀਲ ਕੀਤੀ ਜਾਂਦੀ ਹੈ ਕੇ ਘਰਾਂ ਵਿੱਚ ਵਾਧੂ ਪਏ ਚੰਗੀ ਹਾਲਤ ਵਾਲੇ ਕੱਪੜਿਆਂ, ਕੰਬਲਾਂ, ਰਜਾਈਆ, ਜੁੱਤੀਆਂ, ਸੈਂਡਲ, ਬਰਤਨਾਂ ਅਤੇ ਹੋਰ ਲੋੜਵੰਦਾਂ ਦੇ ਕੰਮ ਆ ਸਕਣ ਵਾਲ਼ੀਆ ਵਸਤੂਆਂ ਵੀ ਸਭਾ ਕੋਲ ਜਮਾਂ ਕਰਵਾਈਆ ਜਾਣ ਤਾਂ ਜੋ ਸਮੇਂ ਸਿਰ






ਲੋੜਵੰਦਾ ਦੀ ਉਚਿਤ ਮਦਦ ਕੀਤੀ ਜਾ ਸਕੇ। ਇਕ ਵਾਰ ਫੇਰ ਦੋਵੇਂ ਹੀ ਸਭਾਵਾਂ ਵਲੋਂ ਸਮੂਹ ਮੈਂਬਰਾਂ ਨੂੰ ਹੋਰ ਵੀ ਵੱਧ ਤੋਂ ਵੱਧ ਸੱਜਣਾ ਨਾਲ ਸੰਪਰਕ ਕਰਕੇ ਸਹਿਯੋਗ ਕਰਨ ਦੀ ਅਪੀਲ ਕਰਨ ਲਈ ਵੀ ਬੇਨਤੀ ਕੀਤੀ ਜਾਂਦੀ ਹੈ।

**ਬੋਧੀਸਤਵ ਅੰਬੇਡਕਰ ਸਕੂਲ ਫੂਲਪੁਰ ਧਨਾਲ, ਜਲੰਧਰ ਅਤੇ ਜ਼ਿੰਦਗੀ-ਏ-ਆਸ, NGO**

**ਸੰਪਰਕ ਲਈ :**

**ਹੁਸਨ ਲਾਲ ਬੌਧ : 9988393442**

**ਕਰਨਲ (ਰਿਟ) ਸਰਬਜੀਤ ਸਿੰਘ ਸੋਖੀ : 9876697891**

**ਬੋਧੀਸਤਵ ਅੰਬੇਡਕਰ ਐਜੂਕੇਸ਼ਨ ਸੋਸਾਇਟੀ**

**ਪੀ.ਐਨ.ਬੀ. ਲਾਂਬੜਾ ਜਲੰਧਰ**

**ਏ.ਸੀ. ਨੰ. 05642151003636**

**ਆਈ.ਐਫ.ਐਸ.ਸੀ. ਪੀ.ਐਨ.ਬੀ. 00564010**

**Note –: ☞ਇਸ ਨਾਲ ਇੱਕ ਜਰੂਰੀ ਬੇਨਤੀ ਇਹ ਹੈ ਕਿ ਜਿਸ ਵੀ ਦਾਨੀ ਸੱਜਣ ਨੇ ਪੈਸੇ ਭੇਜਣੇ ਹਨ ਉਹ ਸਚਰਣਇਨ ਸਹੋਟ ਲੈ ਕੇ ਉੱਪਰ ਦਿਤੇ ਨੰਬਰਾਂ ਤੇ ਜਰੂਰ ਭੇਜੋ ਜੀ।**

- **ਜਿਸ ਨੇ ਵੀ ਸੂਟ ਜਾ ਕੋਈ ਹੋਰ ਬਿਸਤਰ ਵਰਗੇ ਕੱਪੜੇ ਦੇਣੇ ਹਨ ਤਾਂ ਉਸ ਨੂੰ ਕਿਰਪਾ ਕਰਕੇ ਲਿਫਾਫੇ ਵਿੱਚ ਪੈਕ ਕਰਕੇ ਜ਼ਮਾ ਕਰਵਾਇਆ ਜਾਵੇ ।**
- **ਅਗਰ ਕਿਸੇ ਨੇ ਕੋਈ ਸੂਟ ਦੇਣਾ ਹੈ ਜਾਂ ਪੈਂਟ ਕਮੀਜ ਦੇਣੀ ਹੈ ਉਹ ਉਸ ਨੂੰ ਦੋ ਦੋ ਟਾਂਕੇ ਲਾ ਕੇ ਇਕੱਠਾ ਪੈਕ ਕਰਕੇ ਦੇਵੇ।**

## 9 ਸਤੰਬਰ ਨੂੰ ਫਿਲੌਰ ਪਹੁੰਚਣ ਦੀ ਅਪੀਲ ਪ੍ਰਵੀਨ ਬੰਗਾ



ਪ੍ਰਵੀਨ ਬੰਗਾ ਤੇ ਬਸਪਾ ਆਗੂ ਫਿਲੌਰ ਪਹੁੰਚਣ ਦੀ ਅਪੀਲ ਕਰਦੇ ਹੋਏ।

**ਬੰਗਾ /ਮੁਕੰਦਪੁਰ ( ਸਮਾਜ ਵੀਕ.ਲੀ)** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ ਅੱਜ ਬੰਗਾ ਹਲਕੇ ਦੇ ਵੱਖ ਵੱਖ ਪਿੰਡਾਂ ਵਿੱਚ ਬਸਪਾ ਵਲੋਂ ਸ਼ੁਰੂ ਕੀਤੀ ਪੰਜਾਬ ਸੰਭਾਲੋਂ ਮੁਹਿੰਮ ਦੇ ਤਹਿਤ ਧੁਲੇਤਾ ਵਿੱਚ ਗੁਰੂ ਰਵਿਦਾਸ ਕਮਿਊਨਟੀ ਹਾਲ ਦੀਆਂ ਦੀਵਾਰਾਂ ਨੂੰ ਢਾਹੁਣ ਦੇ ਵਿਰੁੱਧ ਐਸ ਡੀ ਐਮ ਦਫਤਰ ਸਾਹਮਣੇ 9ਸਤੰਬਰ ਦਿਨ ਮੰਗਲਵਾਰ 10 ਵੱਜੇ ਦੋਆਬਾ ਪੱਧਰ ਤੇ ਰਖੇ ਰੋਸ ਪ੍ਰਦਰਸ਼ਨ ਵਿੱਚ ਪਹੁੰਚਣ ਦੀ ਅਪੀਲ ਕੀਤੀ ਬਸਪਾ ਆਗੂ ਪ੍ਰਵੀਨ ਬੰਗਾ ਜੀ ਤੇ ਬੰਗਾ ਹਲਕੇ ਦੇ ਪ੍ਰਧਾਨ ਮਾਸਟਰ ਸਤਪਾਲ ਰਟੈਂਡਾ ਨੇ ਬੰਗਾ ਹਲਕੇ ਦੇ ਪਿੰਡ ਮੰਡੇਰਾਂ, ਝੰਡੇਰਾਂ, ਮੁਕੰਦਪੁਰ ਵਿੱਚ ਕੁਦਰਤ ਦੀ ਕਿਰੋਪੀ ਨਾਲ ਨੁਕ-ਸਾਨੇ ਘਰਾਂ ਦਾ ਜਾਇਜਾ ਲਿਆ ਤੇ ਪੰਜਾਬ ਸਰਕਾਰ ਤੇ ਜਿਲਾ ਪ੍ਰਸ਼ਾਸਨ ਨੂੰ ਖਸਤਾ ਹਾਲਤ ਵਿੱਚ ਗਰੀਬ ਲੋਕਾਂ ਦੇ ਘਰਾਂ ਵਾਲਿਆਂ ਨੂੰ ਬਿਨਾ ਪਖਪਾਤ ਤੋਂ ਮੁਆਵਜ਼ਾ ਦੇਣ ਦੀ ਮੰਗ ਕੀਤੀ ਇਸ ਮੋਕੇ ਤੇ ਬਸਪਾ ਆਗੂ ਸੁਰਿੰਦਰ ਮੰਡੇਰਾਂ, ਸੋਹਣ ਲਾਲ ਰਟੈਂਡਾ, ਰਾਣਾ ਮੁਕੰਦਪੁਰੀਆ, ਸੁਰਿੰਦਰ ਬਖਲੋਰ, ਗੁਰਪ੍ਰੀਤ ਸਾਧਪੁਰ, ਡਾ ਵਿਜੇ ਕੁਮਾਰ ਮੁਕੰਦਪੁਰ, ਬਲਵੀਰ ਸਿੰਘ ਰਟੈਂਡਾ ਤੇ ਵਿਸ਼ੇਸ਼ ਤੋਰ ਤੇ ਐਨ ਆਰ ਆਈ ਸੁਰਜੀਤ ਝੰਡੇਰ ਨੇ ਵੀ ਸਮੂਹ ਸੰਗਤ ਨੂੰ ਫਿਲੋਰ ਪਹੁੰਚਣ ਦੀ ਅਪੀਲ ਕੀਤੀ।

for more news visit:
www.samajweekly.com

## ਲੈਸਟਰ ਦੇ ਗੁਰਦਵਾਰਾ ਸਾਹਿਬ ਵਿਖੇ ਗਿਆਨੀ ਜਤਿੰਦਰ ਸਿੰਘ ਜੀ ਦਾ ਸਨਮਾਨ









**ਲੈਸਟਰ।** ਗੁਰਦਵਾਰਾ ਸ਼੍ਰੀ ਗੁਰੂ ਦਸਮੇਸ਼ ਸਾਹਿਬ ਜਿਪਸੀ ਲੇਨ ਲੈਸਟਰ ਵਿਖੇ ਗਿਆਨੀ ਜਤਿੰਦਰ ਸਿੰਘ ਜੀ ਹਿਆਲਾ ਦਾ ਸਨਮਾਨ ਐਤਵਾਰ ਸੱਤ ਸਤੰਬਰ ਨੂੰ ਦੁਪਿਹਰ ਬਾਅਦ ਤਿੰਨ ਵਜੇ ਲੰਗਰ ਹਾਲ ਵਿਖੇ ਕੀਤਾ ਗਿਆ। ਇੱਕ ਵਜੇ ਅਰੰਭ ਹੋਏ ਇਸ ਸਮਾਗਮ ਵਿੱਚ ਲੈਸਟਰ ਦੇ ਕਵੀ ਭਾਈ ਬਲਵੰਤ ਸਿੰਘ ਲਿਤਰਾਂਵਾਲੇ, ਭਾਈ ਦਰਸਣ ਸਿੰਘ, ਭਾਈ ਮੋਹਿੰਦਰਪਾਲ ਸਿੰਘ, ਅਮਰਜੀਤ ਕੌਰ ਜੀ ਨੇ ਕਵਿਤਾਵਾਂ ਪੜੀਆਂ ਅਤੇ ਸੰਗਤਾਂ ਜੀ ਨੂੰ ਕੀਰਤਨ ਨਾਲ ਨਿਹਾਲ ਕੀਤਾ ਗਿਆ। ਗਿਆਨੀ ਜਤਿੰਦਰ ਸਿੰਘ ਜੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਲੜੀਵਾਰ ਸਰੂਪ ਹੱਥੀਂ ਲਿੱਖ ਰਹੇ ਹਨ। ਇਹ ਇੱਕ ਚੌਂਕੜੇ ਵਿੱਚ ਸੰਪੂਰਨ ਸ਼੍ਰੀ ਅਖੰਡ ਪਾਠ ਸਾਹਿਬ ਲੜੀਵਾਰ ਸਰੂਪ ਤੋਂ ਕਰ ਲੈਂਦੇ ਹਨ, ਇੱਕ ਹੱਥ ਨਾਲ 70 ਕਿਲੋਗ੍ਰਾਮ ਦਾ ਬਾਲਾ ਕੱਢਣਾ, ਦੰਦਾ ਨਾਲ 83 ਕਿਲੋਗ੍ਰਾਮ ਵਜਨ ਚੱਕਣਾ, ਲੱਕ ਨਾਲ ਬੰਨ ਕੇ ਕੰਬਾਈਨ ਖਿੱਚਣੀ, ਤਿੰਨ ਤਿੰਨ ਟਰੈਕਟਰ ਹੱਥ ਨਾਲ ਖਿੱਚ ਲੈਂਦੇ ਹਨ। ਨਵਾਂ ਸ਼ਹਿਰ ਜ਼ਿਲੇ ਦੀ ਸ਼ਾਂਨ ਪਿੰਡ ਹਿਆਲਾ ਦੇ ਰਹਿਣ ਵਾਲੇ ਗਿਆਨੀ ਜਤਿੰਦਰ ਸਿੰਘ ਜੀ ਅਨੇਕਾਂ ਬੱਚਿਆਂ ਨੂੰ ਗੁਰਬਾਣੀ ਦੀ ਸੰਥਿਆ ਦੇ ਚੁੱਕੇ ਹਨ। ਗਿਆਨੀ ਜੀ ਦੀ ਲਿਖੀ ਕਿਤਾਬ ਦਾ ਉਦਘਾਟਨ ਕੀਤਾ ਗਿਆ। ਇਸ ਸਮੇ ਗੁਰ-ਦਵਾਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਜਰਨੈਲ ਸਿੰਘ ਰਾਣਾ, ਸ਼੍ਰੀ ਚੰਦ ਸੇਵਾ ਸੋਸਾਇਟੀ ਕੁਲਵਿੰਦਰ ਸਿੰਘ ਜੀ, ਭਾਈ ਹਰਭਜਨ ਸਿੰਘ ਜੀ, ਭਾਈ ਜਤਿੰਦਰ ਸਿੰਘ ਜੀ ਤੋਂ ਇਲਾਵਾ ਹੋਰ ਸਿੱਖ ਹਾਜਰ ਸਨ। ਸਟੇਜ ਦੀ ਸੇਵਾ ਗਿਆਨੀ ਰਣਧੀਰ ਸਿੰਘ ਜੀ ਸੰਭਲ ਨੇ ਵਧੀਆ ਨਿਭਾਈ।

# ਰੂਸ ਅਤੇ ਯੂਕਰੇਨ ਵਿਚਕਾਰ ਚੱਲ ਰਿਹਾ ਯੁੱਧ ਆਧੁਨਿਕ ਦੁਨੀਆ ਦੀਆਂ ਸਭ ਤੋਂ ਵੱਡੀਆਂ ਤਬਾਹੀਆਂ ਵਿੱਚੋਂ ਇੱਕ

## ਰੂਸ-ਯੂਕਰੇਨ ਯੁੱਧ : ਕਾਰਨ, ਨੁਕਸਾਨ ਤੇ ਵਿਸ਼ਵ ਦੀ ਸਥਿਤੀ

**ਗੁਰਬਿੰਦਰ ਗੁਰੀ**

(ਸਮਾਜ ਵੀਕਲੀ) ਰੂਸ ਅਤੇ ਯੂਕਰੇਨ ਵਿਚਕਾਰ ਚੱਲ ਰਿਹਾ ਯੁੱਧ ਆਧੁਨਿਕ ਦੁਨੀਆ ਦੀਆਂ ਸਭ ਤੋਂ ਵੱਡੀਆਂ ਤਬਾਹੀਆਂ ਵਿੱਚੋਂ ਇੱਕ ਮੰਨੀ ਜਾਂਦੀ ਹੈ। ਇਹ ਯੁੱਧ 24 ਫਰਵਰੀ 2022 ਨੂੰ ਸ਼ੁਰੂ ਹੋਇਆ, ਜਦੋਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਯੂਕਰੇਨ 'ਤੇ ਵੱਡੇ ਪੱਧਰ ਦੀ ਸੈਨਿਕ ਕਾਰਵਾਈ ਦਾ ਐਲਾਨ ਕੀਤਾ। ਰੂਸ ਨੇ ਇਸਨੂੰ "ਖਾਸ ਸੈਨਿਕ ਅਭਿਆਨ" ਕਿਹਾ, ਪਰ ਹਕੀਕਤ ਵਿੱਚ ਇਹ ਇੱਕ ਪੂਰੀ ਜੰਗ ਬਣ ਗਈ, ਜਿਸ ਦੇ ਪ੍ਰਭਾਵ ਸਿਰਫ਼ ਪੂਰਬੀ ਯੂਰਪ ਹੀ ਨਹੀਂ ਸਗੋਂ ਪੂਰੀ ਦੁਨੀਆ ਤੱਕ ਫੈਲ ਗਏ।

ਇਸ ਲੇਖ ਵਿੱਚ ਅਸੀਂ ਇਸ ਜੰਗ ਦੇ ਇਤਿਹਾਸਕ ਪਿਛੋਕੜ, ਕਾਰਨ, ਵੱਡੀਆਂ ਘਟਨਾਵਾਂ, ਜਾਨੀ ਤੇ ਮਾਲੀ ਨੁਕਸਾਨ, ਵਿਸ਼ਵ ਪੱਧਰ 'ਤੇ ਪ੍ਰਭਾਵ ਅਤੇ ਅਮਰੀਕਾ, ਯੂਰਪ, ਭਾਰਤ, ਚੀਨ ਅਤੇ ਇੰਗਲੈਂਡ ਦੀ ਸਥਿਤੀ ਨੂੰ ਵਿਸਥਾਰ ਨਾਲ ਸਮਝਾਂਗੇ।

**ਇਤਿਹਾਸਕ ਪਿਛੋਕੜ**

ਸੋਵੀਅਤ ਯੂਨੀਅਨ ਤੋਂ ਬਾਅਦ ਦਾ ਯੁੱਗ

1991 ਵਿੱਚ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਯੂਕਰੇਨ ਇੱਕ ਆਜ਼ਾਦ ਦੇਸ਼ ਬਣਿਆ। ਯੂਕਰੇਨ ਦੇ ਕੋਲ ਖੇਤੀਬਾੜੀ ਦੇ ਵਿਸ਼ਾਲ ਖੇਤਰ, ਉਦਯੋਗ ਅਤੇ ਰਣਨੀਤਕ ਮਹੱਤਵ ਵਾਲੇ ਬੰਦਰਗਾਹ ਸਨ। ਰੂਸ ਲਈ ਯੂਕਰੇਨ ਸਿਰਫ਼ ਇੱਕ ਗੁਆਂਢੀ ਦੇਸ਼ ਹੀ ਨਹੀਂ, ਸਗੋਂ ਉਸਦੇ ਇਤਿਹਾਸਕ ਤੇ ਸੱਭਿਆਚਾਰਕ ਪ੍ਰਭਾਵ ਖੇਤਰ ਦਾ ਹਿੱਸਾ ਸੀ।

**2004 ਦੀ "ਆਰੇਂਜ ਰਿਵੋਲਿਊਸ਼ਨ"**

ਯੂਕਰੇਨ ਵਿੱਚ 2004 ਵਿੱਚ ਲੋਕਤੰਤਰਕ ਅੰਦੋਲਨ ਸ਼ੁਰੂ ਹੋਇਆ, ਜਿਸਨੂੰ "ਆਰੇਂਜ ਰਿਵੋਲਿਊਸ਼ਨ" ਕਿਹਾ ਗਿਆ। ਇਸ ਦੌਰਾਨ ਯੂਕਰੇਨ ਨੇ ਪੱਛਮ ਨਾਲ ਆਪਣੇ ਰਿਸ਼ਤੇ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ। ਰੂਸ ਨੂੰ ਇਹ ਗੱਲ ਪਸੰਦ ਨਹੀਂ ਸੀ।

**2014 : ਕ੍ਰਾਈਮੀਆ ਦਾ ਕਬਜ਼ਾ**

2014 ਵਿੱਚ ਰੂਸ ਨੇ ਯੂਕਰੇਨ ਦੇ ਇਲਾਕੇ ਕ੍ਰਾਈਮੀਆ 'ਤੇ ਕਬਜ਼ਾ ਕਰ ਲਿਆ। ਇਸਨੂੰ ਰੂਸ ਨੇ ਆਪਣੇ ਨਾਲ ਮਿਲਾ ਲਿਆ, ਪਰ ਸੰਯੁਕਤ ਰਾਸ਼ਟਰ ਅਤੇ ਜ਼ਿਆਦਾਤਰ ਦੇਸ਼ਾਂ ਨੇ ਇਸਨੂੰ ਸਵੀਕਾਰ ਨਹੀਂ ਕੀਤਾ। ਇਸ ਤੋਂ ਬਾਅਦ ਯੂਕਰੇਨ ਦੇ ਪੂਰਬੀ ਖੇਤਰਾਂ (ਡੋਨੇਤਸਕ ਅਤੇ ਲੁਹਾਂਸਕ) ਵਿੱਚ ਰੂਸ-ਹਮਾਇਤੀ ਵਿਛੋੜਵਾਦੀਆਂ ਦੀ ਗਤੀਵਿਧੀਆਂ ਵਧੀਆਂ।

**ਯੁੱਧ ਦੇ ਮੁੱਖ ਕਾਰਨ**

1. ਨਾਟੋ ਦੀ ਮੈਂਬਰਸ਼ਿਪ ਦਾ ਡਰ

ਯੂਕਰੇਨ ਦੀ ਕੋਸ਼ਿਸ਼ ਸੀ ਕਿ ਉਹ ਨਾਟੋ (ਨੌਰਟਹ ਅਟਲਾਂਟਿਚ ਠਰੲਅਟੇੋਰਗਅਨਿਜ਼ਅਟਿਨ) ਦਾ ਮੈਂਬਰ ਬਣੇ। ਰੂਸ ਨੂੰ ਲੱਗਦਾ ਸੀ ਕਿ ਜੇ ਇਹ ਹੋਇਆ ਤਾਂ ਨਾਟੋ ਦੇ ਹਥਿਆਰ ਉਸਦੀ ਸੀਮਾ 'ਤੇ ਆ ਜਾਣਗੇ, ਜੋ ਰਾਸ਼ਟਰੀ ਸੁਰੱਖਿਆ ਲਈ ਖਤਰਾ ਹੈ।

2. ਪੱਛਮ ਨਾਲ ਯੂਕਰੇਨ ਦੇ ਰਿਸ਼ਤੇ

ਯੂਕਰੇਨ ਨੇ ਯੂਰਪੀ ਯੂਨੀਅਨ ਨਾਲ ਵਪਾਰਕ ਤੇ ਰਾਜਨੀਤਿਕ ਸਮਝੌਤੇ ਕੀਤੇ। ਰੂਸ ਹਮੇਸ਼ਾਂ ਚਾਹੁੰਦਾ ਸੀ ਕਿ ਯੂਕਰੇਨ ਉਸਦੇ ਪ੍ਰਭਾਵ ਖੇਤਰ ਵਿੱਚ ਰਹੇ।

3. ਆਰਥਿਕ ਹਿੱਤ

ਯੂਕਰੇਨ ਰੂਸੀ ਗੈਸ ਤੇ ਤੇਲ ਨੂੰ ਯੂਰਪ ਤੱਕ ਪਹੁੰਚਾਉਣ ਦਾ ਮੁੱਖ ਰਸਤਾ ਹੈ। ਜੇ ਯੂਕਰੇਨ ਪੱਛਮ ਦੇ ਕਾਬੂ ਵਿੱਚ ਆ ਜਾਂਦਾ, ਤਾਂ ਰੂਸ ਦੀ ਆਰਥਿਕਤਾ ਤੇ ਪ੍ਰਭਾਵ ਪੈਂਦਾ।

4. ਕ੍ਰਾਈਮੀਆ ਅਤੇ ਡੋਨਬਾਸ ਖੇਤਰ ਰੂਸ ਆਪਣੇ ਪ੍ਰਭਾਵ ਵਾਲੇ ਇਲਾਕਿਆਂ 'ਤੇ ਕਾਬੂ ਬਣਾਈ ਰੱਖਣਾ ਚਾਹੁੰਦਾ ਸੀ। ਕ੍ਰਾਈਮੀਆ ਉਸ ਲਈ ਰਣਨੀਤਕ ਤੌਰ 'ਤੇ ਮਹੱਤਵਪੂਰਨ ਸੀ, ਕਿਉਂਕਿ ਉੱਥੇ ਉਸਦਾ ਨੇਵੀ ਅੱਡਾ ਹੈ।







ਯੁੱਧ ਦੀਆਂ ਵੱਡੀਆਂ ਘਟਨਾਵਾਂ (2022-2025)

ਫਰਵਰੀ 2022 : ਰੂਸ ਨੇ ਯੂਕਰੇਨ 'ਤੇ ਹਮਲਾ ਕੀਤਾ। ਕੀਵ, ਖਾਰਕੀਵ, ਮਾਰੀਉਪੋਲ ਵਰਗੇ ਸ਼ਹਿਰਾਂ 'ਤੇ ਭਾਰੀ ਬੰਬਮਾਰੀ ਹੋਈ।

2022 ਦੇ ਮੱਧ ਤੱਕ : ਯੂਕਰੇਨ ਨੇ ਅਮਰੀਕਾ ਅਤੇ ਯੂਰਪੀ ਦੇਸ਼ਾਂ ਦੀ ਮਦਦ ਨਾਲ ਕੁਝ ਖੇਤਰਾਂ 'ਚ ਪ੍ਰਤੀਹਮਲੇ ਕੀਤੇ।

2023 : ਬਾਖਮੂਤ ਵਰਗੇ ਸ਼ਹਿਰਾਂ ਵਿੱਚ ਭਿਆਨਕ ਜੰਗ ਹੋਈ।

2024 : ਰੂਸ ਨੇ ਪੂਰਬੀ ਖੇਤਰਾਂ 'ਤੇ ਆਪਣਾ ਕਾਬੂ ਵਧਾਇਆ। ਯੂਕਰੇਨ ਨੂੰ ਹਥਿਆਰਾਂ ਦੀ ਹੋਰ ਸਪਲਾਈ ਹੋਈ।

2025 : ਜੰਗ ਜਾਰੀ ਹੈ। ਸ਼ਾਂਤੀ ਵਾਰਤਾਵਾਂ ਹੋਈਆਂ, ਪਰ ਕੋਈ ਵੱਡੀ ਪ੍ਰਗਤੀ ਨਹੀਂ ਹੋਈ।

ਜਾਨੀ ਨੁਕਸਾਨ

ਯੂਕਰੇਨ

ਲੱਖਾਂ ਲੋਕ ਬੇਘਰ ਹੋਏ।

ਹਜ਼ਾਰਾਂ ਨਾਗਰਿਕ, ਜਿਸ ਵਿੱਚ ਬੱਚੇ, ਔਰਤਾਂ ਤੇ ਬਜ਼ੁਰਗ ਵੀ ਸ਼ਾਮਲ ਹਨ, ਮਾਰੇ ਗਏ।

ਫੌਜੀ ਹਾਨੀ ਵੀ ਕਾਫ਼ੀ ਵੱਡੀ ਹੋਈ।

ਰੂਸ

ਦਸਾਂ ਹਜ਼ਾਰਾਂ ਸਿਪਾਹੀ ਮਾਰੇ ਗਏ।

ਨਾਗਰਿਕ ਵੀ ਹਮਲਿਆਂ ਵਿੱਚ ਜਾਨ ਗੁਆ ਬੈਠੇ।

ਮਾਲੀ ਨੁਕਸਾਨ

1. ਯੂਕਰੇਨ

ਸ਼ਹਿਰਾਂ ਦੇ ਹਸਪਤਾਲ, ਸਕੂਲ, ਸੜਕਾਂ, ਪੁਲ ਨਸ਼ਟ ਹੋ ਗਏ।

ਖੇਤੀਬਾੜੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ।

ਲਗਭਗ ਸੈਂਕੜੇ ਅਰਬ ਡਾਲਰ ਦਾ ਨੁਕਸਾਨ।

2. ਰੂਸ

ਅਮਰੀਕਾ ਅਤੇ ਯੂਰਪ ਦੀਆਂ ਪਾਬੰਦੀਆਂ ਕਾਰਨ ਰੁਬਲ ਦੀ ਕੀਮਤ ਡਿੱਗੀ।

ਬਹੁਰਾਸ਼ਟਰੀ ਕੰਪਨੀਆਂ ਨੇ ਰੂਸ ਛੱਡਿਆ।

ਆਰਥਿਕ ਵਿਕਾਸ ਦੀ ਗਤੀ ਘਟ ਗਈ।

ਵਿਸ਼ਵ ਪੱਧਰ 'ਤੇ ਪ੍ਰਭਾਵ

1. ਤੇਲ ਤੇ ਗੈਸ : ਯੂਰਪ ਰੂਸੀ ਗੈਸ 'ਤੇ ਨਿਰਭਰ ਸੀ। ਜੰਗ ਕਾਰਨ ਸਪਲਾਈ ਘੱਟ ਹੋਈ, ਕੀਮਤਾਂ ਵੱਧੀਆਂ।

2. ਅਨਾਜ ਸੰਕਟ : ਯੂਕਰੇਨ "ਯੂਰਪ ਦਾ ਅਨਾਜ ਘਰ" ਹੈ। ਜੰਗ ਕਾਰਨ ਅਫਰੀਕਾ ਤੇ ਏਸ਼ੀਆ ਦੇ ਕਈ ਦੇਸ਼ਾਂ ਵਿੱਚ ਖੁਰਾਕ ਦੀ ਕਮੀ ਹੋਈ।

3. ਅਰਥਵਿਵਸਥਾ : ਮਹਿੰਗਾਈ ਵਧੀ, ਸ਼ੇਅਰ ਬਾਜ਼ਾਰਾਂ 'ਚ ਅਸਥਿਰਤਾ ਆਈ।

ਯੂਰਪੀ ਦੇਸ਼ਾਂ ਦੀ ਭੂਮਿਕਾ

ਜਰਮਨੀ : ਯੂਕਰੇਨ ਨੂੰ ਹਥਿਆਰ ਦਿੱਤੇ ਅਤੇ ਸ਼ਰਨਾਰਥੀਆਂ ਨੂੰ ਸਵੀਕਾਰਿਆ।

ਫਰਾਂਸ : ਰਾਜਨੀਤਿਕ ਮਦਦ ਨਾਲ ਨਾਲ ਮਨੁੱਖੀ ਸਹਾਇਤਾ ਦਿੱਤੀ।

ਪੋਲੈਂਡ : ਲੱਖਾਂ ਯੂਕਰੇਨੀ ਸ਼ਰਨਾਰਥੀਆਂ ਨੂੰ ਆਪਣੀ ਧਰਤੀ 'ਤੇ ਜਗ੍ਹਾ ਦਿੱਤੀ।

ਹੋਰ ਯੂਰਪੀ ਦੇਸ਼ : ਆਰਥਿਕ ਪਾਬੰਦੀਆਂ ਲਗਾਈਆਂ ਅਤੇ ਯੂਕਰੇਨ ਦੀ ਸਹਾਇਤਾ ਕੀਤੀ।

ਅਮਰੀਕਾ ਦੀ ਭੂਮਿਕਾ

ਅਮਰੀਕਾ ਨੇ ਯੂਕਰੇਨ ਨੂੰ ਬਿਲੀਅਨ ਡਾਲਰ ਦੀ ਸੈਨਿਕ ਮਦਦ ਦਿੱਤੀ।

ਰੂਸ 'ਤੇ ਕੜੀਆਂ ਪਾਬੰਦੀਆਂ ਲਗਾਈਆਂ।

ਰਾਜਨੀਤਿਕ ਤੌਰ 'ਤੇ ਯੂਕਰੇਨ ਦਾ ਸਭ ਤੋਂ ਵੱਡਾ ਹਮਾਇਤੀ ਬਣਿਆ।

ਭਾਰਤ ਦੀ ਸਥਿਤੀ

ਭਾਰਤ ਨੇ ਨਿਰਪੱਖ ਰੁਖ ਅਪਣਾਇਆ।

ਸੰਯੁਕਤ ਰਾਸ਼ਟਰ ਵਿੱਚ ਕਈ ਵਾਰ ਵੋਟਿੰਗ ਤੋਂ ਪਰਹੇਜ਼ ਕੀਤਾ।

"ਆਪਰੇਸ਼ਨ ਗੰਗਾ" ਰਾਹੀਂ ਹਜ਼ਾਰਾਂ ਭਾਰਤੀ ਵਿਦਿਆਰਥੀਆਂ ਨੂੰ ਵਾਪਸ ਲਿਆਂਦਾ।

ਰੂਸ ਤੋਂ ਸਸਤੇ ਭਾਅ 'ਤੇ ਤੇਲ ਖਰੀਦਣਾ ਜਾਰੀ ਰੱਖਿਆ।

ਚੀਨ ਦੀ ਸਥਿਤੀ

ਚੀਨ ਨੇ ਰੂਸ ਦੀ ਖੁੱਲ੍ਹੀ ਹਮਾਇਤ ਨਹੀਂ ਕੀਤੀ, ਪਰ ਵਿਰੋਧ ਵੀ ਨਹੀਂ ਕੀਤਾ।

ਰੂਸ ਨਾਲ ਵਪਾਰ ਵਧਾਇਆ।

ਆਪਣੇ ਆਪ ਨੂੰ ਸ਼ਾਂਤੀਕਰਤਾ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ।

ਇੰਗਲੈਂਡ ਦੀ ਸਥਿਤੀ

ਯੂਕਰੇਨ ਨੂੰ ਭਾਰੀ ਹਥਿਆਰ, ਟੈਂਕ ਅਤੇ ਡਰੋਨ ਦਿੱਤੇ।

ਰੂਸ 'ਤੇ ਪਾਬੰਦੀਆਂ ਲਗਾਈਆਂ।

ਯੂਰਪੀ ਯੂਨੀਅਨ ਨਾਲ ਮਿਲ ਕੇ ਯੂਕਰੇਨ ਦੀ ਸਹਾਇਤਾ ਕੀਤੀ।

ਸ਼ਾਂਤੀ ਵਾਰਤਾਵਾਂ

ਤੁਰਕੀ ਅਤੇ ਬੇਲਾਰੂਸ ਵਿੱਚ ਕੁਝ ਵਾਰਤਾਵਾਂ ਹੋਈਆਂ।

ਪਰ ਦੋਹਾਂ ਪਾਸਿਆਂ ਦੀਆਂ ਸ਼ਰਤਾਂ ਮਿਲੀਆਂ ਨਹੀਂ।

ਜੰਗ ਅਜੇ ਵੀ ਜਾਰੀ ਹੈ।

**ਭਵਿੱਖ ਦੇ ਸੰਭਾਵੀ ਨਤੀਜੇ**

ਜੇ ਜੰਗ ਲੰਮੀ ਚੱਲਦੀ ਰਹੀ ਤਾਂ ਯੂਕਰੇਨ ਦੇ ਬਹੁਤ ਸਾਰੇ ਖੇਤਰ ਰਹਿਣ ਯੋਗ ਨਹੀਂ ਰਹਿ ਜਾਣਗੇ।

ਵਿਸ਼ਵ ਅਰਥਵਿਵਸਥਾ ਵਿੱਚ ਹੋਰ ਗਿਰਾਵਟ ਆ ਸਕਦੀ ਹੈ।

ਰੂਸ ਤੇ ਪੱਛਮ ਵਿਚਕਾਰ ਟਕਰਾਅ ਹੋਰ ਵਧ ਸਕਦਾ ਹੈ।

ਨਾਟੋ ਤੇ ਰੂਸ ਵਿਚਕਾਰ ਸਿੱਧੀ ਜੰਗ ਦਾ ਖਤਰਾ ਵੀ ਰਹੇਗਾ।

ਰੂਸ-ਯੂਕਰੇਨ ਯੁੱਧ ਨੇ ਦੋਹਾਂ ਦੇਸ਼ਾਂ ਦੇ ਲੋਕਾਂ ਨੂੰ ਬੇਹੱਦ ਦੁੱਖ ਦਿੱਤਾ ਹੈ। ਲੱਖਾਂ ਲੋਕਾਂ ਦੀ ਜ਼ਿੰਦਗੀ ਤਬਾਹ ਹੋ ਗਈ, ਸ਼ਹਿਰ ਖੰਡਰ ਬਣ ਗਏ, ਅਰਥਵਿਵਸਥਾ ਤਬਾਹ ਹੋ ਗਈ। ਵਿਸ਼ਵ ਪੱਧਰ 'ਤੇ ਇਹ ਯੁੱਧ ਮਹਿੰਗਾਈ, ਅਨਾਜ ਦੀ ਕਮੀ ਅਤੇ ਊਰਜਾ ਸੰਕਟ ਦਾ ਕਾਰਨ ਬਣਿਆ।

ਇਹ ਜੰਗ ਸਿਰਫ਼ ਸੈਨਿਕ ਤਾਕਤ ਨਾਲ ਨਹੀਂ ਖਤਮ ਹੋ ਸਕਦੀ। ਇਸਦਾ ਹੱਲ ਸਿਰਫ਼ ਰਾਜਨੀਤਿਕ ਵਾਰਤਾਵਾਂ ਅਤੇ ਸਮਝੌਤਿਆਂ ਰਾਹੀਂ ਹੀ ਨਿਕਲ ਸਕਦਾ ਹੈ। ਸੰਸਾਰ ਨੂੰ ਚਾਹੀਦਾ ਹੈ ਕਿ ਉਹ ਸ਼ਾਂਤੀ ਦੇ ਯਤਨਾਂ ਨੂੰ ਤਰਜੀਹ ਦੇਵੇ, ਕਿਉਂਕਿ ਜੰਗ ਕਿਸੇ ਲਈ ਵੀ ਹੱਲ ਨਹੀਂ, ਸਗੋਂ ਹੋਰ ਤਬਾਹੀ ਦਾ ਰਾਹ ਹੈ।

**ਗੁਰਬਿੰਦਰ ਗੁਰੀ**
**+44 7951 590424**

# ਧੀ ਤੋਰ ਦਿੱਤੀ

ਅੰਦਰ ਜਾਂਦੇ ਹੀ ਬੜਾ ਅਜੀਬ ਜਿਹਾ ਮਹਿਸੂਸ ਹੋਇਆ । ਇੱਕ ਪਾਸੇ ਵਿਆਹ ਦੀਆਂ ਰਸਮਾਂ ਹੋ ਰਹੀਆਂ ਸਨ ਤੇ ਦੂਜੇ ਪਾਸੇ ਜਨਾਨੀਆਂ ਆਪਣੇ ਸ਼ੋਰਗੁੱਲ ਚ ਮਸਤ ਸਨ ਤੇ ਕੁਝ ਕੁ ਸਿੱਠਣੀਆਂ ਗਾ ਰਹੀਆਂ ਸਨ । ਲੋਕ ਸ਼ਰਧਾ ਤੇ ਖੁਸ਼ੀ ਨਾਲ ਬੈਠੇ ਵਿਆਹ ਦੀਆਂ ਰਸਮਾਂ ਨੂੰ ਦੇਖ ਰਹੇ ਸਨ। ਅਸੀਂ ਦੋਹਾਂ ਨੇ ਨਮਸਕਾਰ ਕੀਤੀ ਤੇ ਚੁੱਪਚਾਪ ਪਿੱਛੇ ਜਾਕੇ ਬੈਠ ਗਏ। ਸਾਨੂੰ ਏਥੇ ਕੋਈ ਨਹੀਂ ਸੀ ਜਾਣਦਾ। ਨਾ ਲੜਕੇ ਵਾਲੇ ਨਾ ਲੜਕੀ ਵਾਲੇ । ਅਸੀਂ ਕਿਸੇ ਨੂੰ ਪਹਿਲਾਂ ਕਦੇ ਮਿਲੇ ਹੀ ਨਹੀਂ ਸੀ ਤੇ ਨਾ ਕਿਸੇ ਨੂੰ ਦੇਖਿਆ ਸੀ। ਇਸੇ ਸ਼ਸੋਪੰਜ ਵਿੱਚ ਸੋਚਦੇ ਸੋਚਦੇ ਮੇਰੀ ਸੋਚ ਮੈਨੂੰ ਬਹੁਤ ਪਿਛੇ ਲੈ ਗਈ ਉਨ੍ਹੀ ਦਿਨੀ ਮੇਰੀ ਇਕ ਕਹਾਣੀ 'ਕੌੜਾ ਸੱਚ' ਪੰਜਾਬੀ ਦੇ ਇੱਕ ਅਖਬਾਰ ਵਿੱਚ ਛਪੀ ਸੀ। ਸਰ ਜੀ ਤੁਹਾਡੀ ਅਖਬਾਰ ਵਿੱਚ ਛਪੀ 'ਕਹਾਣੀ ਕੋੜਾ ਸੱਚ ਬਹੁਤ ਵਧੀਆ ਲੱਗੀ । ਫਰਾਮ ਦੀਪ। ਮੈਨੂ ਇੱਕ ਐਸ.ਐਮ.ਐਸ. ਪ੍ਰਾਪਤ ਹੋਇਆ । "ਸ਼ੁਕਰੀਆ ਜੀ, ਤੁਸੀ ਕੀ ਕਰਦੇ ਹੋ? ਕੀ ਤੁਸੀ ਟੀਚਰ ਹੋ?' ਮੈਂ ਉਸੇ ਤਰੀਕੇ ਨਾਲ ਹੀ ਸਵਾਲ ਕੀਤਾ।

"ਨਹੀਂ ਜੀ, ਮੈ ਪੜ੍ਹਦੀ ਹਾਂ, ਟੀਚਰ ਨਹੀਂ ਹਾਂ। ਫਰਾਮ ਦੀਪ ' ਇਹ ਜਵਾਬ ਆਇਆ।

" ਪਲੀਂਜ ਤੁਸੀ ਕੋਮੈਂਟ ਕਰਕੇ ਲਿਖੋ ਕਿ ਇਹ ਕਹਾਣੀ ਤੁਹਾਨੂੰ ਕਿਉਂ ਅੱਛੀ ਲਗੀ। ਕਿਉਂਕਿ ਇਕ ਲੇਖਕ ਦੀ ਇਹ ਜਾਨਣ ਦੀ ਇੱਛਾ ਹੁੰਦੀ ਹੈ। ਕਿ ਪਾਠਕ ਉਸਨੂੰ ਕਿਉ ਪਸੰਦ ਕਰਦੇ ਹਨ'। ਮੈਂ ਫਿਰ ਮੈਸੈਜ ਰਾਹੀ ਪੁਛਿਆ ।

ਅੱਜ ਤੇ ਲੇਟ ਹੋ ਗਈ ਹਾਂ,ਕੱਲ੍ਹ ਨੂੰ ਪੂਰਾ ਕੋਮੈਂਟ ਭੇਜਾਂਗੀ।' ਮੈਨੂੰ ਜਵਾਬ ਮਿਲਿਆ । ਗੱਲ ਉਸ ਦੀ ਵੀ ਸਹੀ ਸੀ ਕਿਉਂਕਿ ਸ਼ਾਮ ਹੋ ਚੁੱਕੀ ਸੀ। ਤੇ ਉਸਨੇ ਘਰ ਦਾ ਕੰਮ ਵੀ ਕਰਨਾ ਹੋਵੇਗਾ। ਮੈਂ ਤਾਂ ਭਲਾਂ ਦੀ ਵਿਹਲਾ ਸੀ। ਤੇ ਆਪਣੀ ਪ੍ਰਸੰਸਾ ਸੁਣਨ ਦਾ ਭੁੱਖਾ । ਕਿਉਂਕਿ ਉਸ ਕਹਾਣੀ ਤੇ ਮੈਨੂੰ ਬਹੁਤ ਸਾਰੇ ਸੰਦੇਸ਼ੇ ਆਏ । ਪੰਜ ਚਾਰ ਫੋਨ ਵੀ ਆਏ । ਵੱਡਿਆਂ ਦੇ ਛੋਟਿਆਂ ਦੇ , ਟੀਚਰਾਂ ਦੇ ਤੇ ਕੁਝ ਕੁ ਬਜੁਰਗ ਪਾਠਕਾਂ ਦੇ। ਮੈਂ ਸਭ ਕੁਝ ਭੁਲ ਭੁਲਾ ਗਿਆ।

"ਤੁਹਾਡੀ ਕਹਾਣੀ ਬਹੁਤ ਅੱਛਾ ਸੰਦੇਸ਼ ਦਿੰਦੀ ਹੈ। ਕੁੜੀਆਂ ਨੂੰ ਬਹੁਤ ਪ੍ਰੇਰਨਾਂ ਦਿੰਦੀ ਹੈ। ਉਹਨਾਂ ਨੂੰ ਸਬਰ ਕਰਨਾ ਸਿਖਾਉਂਦੀ ਹੈ। ਜੇ ਸਾਰੀਆਂ ਕੁੜੀਆਂ ਤੁਹਾਡੀ ਕਹਣੀ ਦੀ ਪਾਤਰ ਦੀਪੀ ਤਰ੍ਹਾਂ ਆਪਣੀ ਭੂਆ ਦੀਆਂ ਗੱਲਾਂ ਤੇ ਅਮਲ ਕਰਨ ਤਾਂ ਕਈ ਘਰ ਉਜੜਨੋਂ ਸਕਦੇ ਹਨ। ਫਰਾਮ ਦੀਪ '। ਅਗਲੇ ਦਿਨ ਮੇਰੇ ਇਨਬੋਕਸ ਚ ਆਏ। ਇਸ ਸੰਦੇਸ਼ ਨਾਲ ਮੈਨੂੰ ਉਸ ਕੁੜੀ ਦਾ ਚੇਹਰਾ ਮੇਰੀ ਕਲਪਣਾ ਦੀ ਪਾਤਰ ਦੇ ਚੇਹਰੇ ਵਰਗਾ ਲਗਿਆ। ਮੈਂ ਉਸਦੇ ਸੰਦੇਸ਼ ਤੋ ਬਹੁਤ ਪ੍ਰਭਾਵਿਤ ਹੋਇਆ । ਮੈਨੂੰ ਉਹ ਸੰਦੇਸ਼ ਭੇਜਣ ਵਾਲੀ ਕੁੜੀ ਬਹੁਤ ਸਮਝਦਾਰ, ਸੁਸੀਲ ਲੱਗੀ। ਉਸ ਦੇ ਸ਼ਬਦਾਂ ਨੇ ਮੈਨੂੰ ਕਾਇਲ ਜਿਹਾ ਕਰ ਦਿੱਤਾ।

"ਸ਼ੁਕਰੀਆ ਦੀਪ ਜੀ ਤੁਹਾਡੇ ਕੋਮੈਂਟ ਮੈਨੂੰ ਹੋਰ ਵਧੀਆ ਲਿਖਣ ਲਈ ਪ੍ਰੇਰਿਤ ਕਰਨਗੇ।' ਮੈਂ ਜਵਾਬ ਦਿੱਤਾ।

"ਨਹੀਂ ਜੀ ਸ਼ੁਕਰੀਆ ਦੀ ਤਾਂ ਕੋਈ ਗੱਲ ਨਹੀਂ। ਇਹ ਤਾਂ ਸਾਡਾ ਫਰਜ ਹੈ। ਉਸਦੇ ਇਸ ਪਿਆਰੇ ਜਿਹੇ ਕੋਮੈਂਟ ਨੇ ਮੈਨੂੰ ਹੋਰ ਹੀ ਤਰਾਂ ਦੀ ਖ਼ੁਸ਼ੀ ਦਿੱਤੀ, ਤੇ ਮੈਂ ਫਖ਼ਰ ਜਿਹਾ ਮਹਿਸੂਸ ਕੀਤਾ । ਮੋਬਾਇਲ ਫੋਨ ਤੇ ਸੰਦੇਸ਼ਾ ਦਾ ਆਉਣ ਜਾਣ ਚਲਦਾ ਰਿਹਾ ਤੇ ਮੈਂ ਉਸ ਦੀ ਵਿਚਾਰਧਾਰਾ ਵਿਚ ਬੱਝਦਾ ਚਲਾ ਗਿਆ ।

"ਤੁਸੀਂ ਜਾਣਦੇ ਹੋ ਕਿ ਮੈ 53 ਸਾਲਾਂ ਦੀ ਅਧੇੜ ਉਮਰ ਦਾ ਲੇਖਕ ਹਾ। ਮੇਰੇ ਦੋਨੇ ਬੱਚੇ ਨੌਕਰੀ ਕਰਦੇ ਹਨ ਤੇ 25_26 ਸਾਲ ਦੀ ਉਮਰ ਦੇ ਹਨ ਤੇ ਤੂੰ ਸਿਰਫ 22 ਸਾਲਾਂ ਦੀ ਇੱਕ ਵਿਦਿਆਰਥਣ ਹੈਂ। ਤੇਰਾ ਮੇਰੇ ਪ੍ਰਤੀ ਕੀ ਨਜਰੀਆ ਹੈ। ਕਿਤੇ ਤੂੰ ਮੇਰੀ ਇਸ ਆਦਤ ਨੂੰ ਗਲਤ ਨਾ ਸਮਝ ਲਈ। ਮੇਰੀ ਭਾਵਨਾਵਾਂ ਨੂੰ ਮੇਰੇ ਨਜਰੀਏ ਨਾਲ ਹੀ ਸਮਝੀ।' ਮੈਂ ਇਕ ਦਿਨ ਉਸ ਨੂੰ ਥੋੜਾ ਜਿਹਾ ਸਖਤ ਤੇ ਚੇਤਾਵਨੀ ਭਰੇ ਸ਼ਬਦਾਂ ਵਿੱਚ ਕਿਹਾ । ਕਿਉਂਕਿ ਕਈ ਵਾਰੀ ਬੱਚੇ ਅਲ੍ਹੜ ਉਮਰੇ ਹਰ ਨਾਤੇ ਨੂੰ ਗਲਤ ਲੈ ਜਾਂਦੇ ਹਨ।

" ਨਹੀਂ ਸਰ ਜੀ ,ਮੈਂ ਸਭ ਜਾਣਦੀ ਹਾਂ। ਤੁਸੀ ਮੇਰੇ ਪਾਪਾ ਦੀ ਉਮਰ ਦੇ ਹੋ। ਮੈਂ ਤੁਹਾਡੇ ਵਿੱਚ ਆਪਣੇ ਫੋਜੀ ਪਾਪਾ ਦਾ ਅਕਸ ਦੇਖਦੀ ਹਾਂ। ਤੁਸੀ ਮੇਰੇ ਚਾਚਾ ਤਾਇਆ ਵਰਗੇ ਹੋ। ਪਰ ਇਕ ਬਾਪ ਵੀ ਤਾਂ ਆਪਣੀ ਬੇਟੀ ਦਾ ਦੋਸਤ ਹੋ ਸਕਦਾ ਹੈ। ਉਸਦਾ ਮਾਰਗ ਦਰਸ਼ਕ ਹੋ ਸਕਦਾ ਹੈ। ਮੈਂ ਗਰੀਬ ਜਰੂਰ ਹਾਂ ਤੇ ਮੈਂ ਮਿਹਨਤ ਕਰਕੇ ਆਪਣੀ ਰੋਜੀ ਚਲਾਉਂਦੀ ਹਾਂ। ਬਾਪ ਦੀ ਪੱਗ ਨੂੰ ਦਾਗ ਮੈਂ ਕਦੇ ਸੋਚ ਵੀ ਨਹੀਂ ਸਕਦੀ । ਉਸ ਦੀਆਂ ਬੇਬਾਕ ਗੱਲਾ ਉਸ ਦੀ ਉਚ ਸਖਸ਼ੀਅਤ ਤੇ ਚਾਨਣਾ ਪਾਉਂਦੀਆਂ । ਮੈਨੂੰ ਉਹ ਕੁੜੀ ਮੇਹਨਤੀ ਲੱਗੀ । ਉਸਦੇ ਵਿਚਾਰ ਤੇ ਵੱਡਿਆ ਪ੍ਰਤੀ ਉਸਦਾ ਪਿਆਰ ਮੇਰੇ ਮਨ ਅੰਦਰ ਆਪਨੀ ਪੈਂਠ ਬਣਾਉਣ ਵਿੱਚ ਸਫਲ ਰਿਹਾ।

"ਅੰਕਲ ਜੀ ਤੁਹਾਡੇ ਕਿੰਨੀਆਂ ਕੁੜੀਆਂ ਹਨ? ਆਂਟੀ ਜੀ ਕੀ ਕਰਦੇ ਹਨ? ' ਇਕ ਦਿਨ ਫੇਰ ਅਚਾਨਕ ਆਏ ਉਸਦੇ ਮੋਬਾਇਲ ਮੈਸੇਜ ਨੇ ਮੈਨੂੰ ਚੌਕਾਂ ਦਿੱਤਾ । ਹੁਣ ਉਹ ਸਰ ਜੀ ਤੋਂ ਅੰਕਲ ਜੀ ਆਂਟੀ ਤੇ ਆ ਗਈ ਸੀ ਤੇ ਅਪਣੱਤ ਜਿਹੀ ਦਿਖਾਉਣ ਲਗ ਪਈ । ਕਈ ਵਾਰੀ ਘਰ ਦੀਆਂ ਛੋਟੀਆਂ ਛੋਟੀਆਂ ਗੱਲਾਂ ਕਰਦੀ ਤੰਗੀਆਂ ਤੁਰਸ਼ੀਆਂ ਦੀ ਗੱਲ ਵੀ ਕਰਦੀ।

"ਮੇਰੇ ਕੋਈ ਬੇਟੀ ਨਹੀਂ ਹੈ। ਬਸ ਦੋ ਬੇਟੇ ਹੀ ਹਨ।' ਮੈਂ ਉਸ ਨੂੰ ਜਵਾਬ ਦਿੱਤਾ । ਤੇ ਠੰਡਾ ਜਿਹਾ ਹੌਕਾ ਲਿਆ।

"ਫੇਰ ਤਾਂ ਮੈਂ ਤੁਹਾਨੂੰ ਪਾਪਾ ਕਹਿ ਸਕਦੀ ਹਾਂ ਨਾ। ਬਸ ਜੀ ਮੈਂ ਤਾਂ ਹੁਣ ਤੁਹਾਨੂੰ ਪਾਪਾ ਫਰੈਂਡ ਹੀ ਕਿਹਾ ਕਹਾਂਗੀ। ਉਸਦੇ ਇਸ ਮੈਸੇਜ ਨੇ ਮੈਨੂੰ ਫਿਰ ਹਲੂਣ ਜਿਹਾ ਦਿੱਤਾ।

"ਜਰੂਰ ਜਰੂਰ ਕਿਉਂ ਨਹੀਂ, ਤੂੰ ਮੇਰੀ ਧੀਆਂ ਵਰਗੀ ਹੀ ਹੈਂ। ਵਰਗੀ ਨਹੀਂ ਸਿਰਫ ਧੀ ਹੀ ਹੈਂ । ਪਰ......'। ਮੈਂ ਹੋਰ ਕੁਝ ਨਾ ਲਿਖ ਸਕਿਆ ।

" ਠੀਕ ਹੈ ਜੀ। ਤੁਸੀ ਮੈਨੂੰ ਬੇਟੀ ਆਖੋ ਨਾ ਆਖੋ , ਮੈਂ ਪਾਪਾ ਹੀ ਕਿਹਾ ਕਰਨਾ ਵਾ'। ਉਸਨੇ ਬੇਝਿੱਜਕ ਲਿਖ ਦਿੱਤਾ । ਹੁਣ ਕਦੇ ਕਦੇ ਸਾਡੀ ਫੋਨ ਤੇ ਗੱਲ ਵੀ ਜਾਂਦੀ ਸੀ। ਕਈ ਵਾਰੀ ਉਹ ਮੌਜੂਦਾ ਹਾਲਾਤਾਂ ਤੋਂ ਦੁਖੀ ਹੋ ਕੇ ਉਚੀ ਉਚੀ ਰੋਣ ਲੱਗ ਜਾਂਦੀ । ਕਦੇ ਕੋਈ ਹੋਰ ਗੁੱਸਾ ਮੇਰੇ ਤੇ ਕੱਢ ਦਿੰਦੀ । ਰੁੱਸ ਜਾਂਦੀ । ਫਿਰ ਕਹਿੰਦੀ। " ਮੈਂ ਮਜਾਕ ਕਰਦੀ ਸੀ। ਮੈਂ ਤੁਹਾਡੇ ਨਾਲ ਨਾ ਰੁੱਸਾਂ ਤਾਂ ਹੋਰ ਕਿਸ ਨਾਲ ਰੁੱਸਾਂ ? ਤੁਸੀ ਤੇ ਮੇਰੇ ਪਾਪਾ ਦੋਸਤ ਹੋ। ਇਸ ਤਰ੍ਹਾਂ ਆਪਣਿਆਂ ਵਰਗਾ ਵਿਹਾਰ ਕਰਦੀ । ਜਦੋਂ ਕਿਤੇ ਉਸਦੇ ਰਿਸ਼ਤੇ ਦੀ ਗੱਲ ਚਲਦੀ ਤਾਂ ਉਹ ਸਭ ਤੋ ਪਹਿਲਾਂ ਮੈਨੂੰ ਫੋਨ ਕਰਦੀ । ਰਿਸਤੇ ਬਾਰੇ ਮੇਰੀ ਰਾਇ ਲੈਂਦੀ । ਤੇ ਹਰ ਪਹਿਲੂ ਤੇ ਵਿਚਾਰ ਕਰਦੀ। ਉਹ ਕਹਿੰਦੀ ਮੈਂ ਤੁਹਾਡੇ ਕੋਲੋਂ ਬਹੁਤ ਕੁਝ ਸਿੱਖਿਆ ਹੈ। ਮੈਨੂੰ ਤੁਹਾਡੇ ਵਿੱਚ ਇਕ ਪਿਉ ਦਾ ਕੜ੍ਹਕ ਸੁਭਾਅ, ਮਾਂ ਦਾ ਪਿਆਰ ਤੇ ਦੋਸਤ ਦੇ ਵਿਸ਼ਵਾਸ਼ ਦਾ ਅਹਿਸਾਸ ਹੁੰਦਾ ਹੈ। ਫਿਰ ਉਸ ਦਾ ਰਿਸ਼ਤਾ ਇਕ ਚੰਗੇ ਘਰੇ ਇੱਕ ਸਾਊ ਤੇ ਪੜੇ ਲਿਖੇ ਨੋਜਵਾਨ ਨਾਲ ਹੋ ਗਿਆ । ਉਸਨੇ ਮੈਨੂੰ ਉਸ ਬਾਰੇ ਸਭ ਕੁਝ ਦਸੀਆਂ । ਤੇ ਉਸ ਨੋਜਵਾਨ ਨੂੰ ਵੀ ਮੇਰੇ ਬਾਰੇ ਪੂਰਾ ਦੱਸਿਆ । ਹੁਣ ਮੈ ਤੇ ਮੇਰੀ ਘਰਵਾਲੀ ਬੇਝਿੱਜਕ ਹੋ ਉਸ ਨਾਲ ਤੇ ਕਦੇ ਉਸਦੇ ਮੰਗੇਤਰ ਨਾਲ ਗੱਲ ਕਰ ਲੈਂਦੇ ਸੀ । ਫਿਰ ਉਸ ਦੇ ਵਿਆਹ ਦਾ ਦਿਨ ਪੱਕਾ ਹੋ ਗਿਆ ਤੇ ਉਸਨੇ ਮੈਂਨੂੰ ਵਿਆਹ ਦਾ ਸੱਦਾ ਭੇਜਿਆ । ਸਬੰਧਾਂ ਨੂੰ ਹੋਰ ਪੱਕਾ ਕਰਨ ਲਈ ਉਸਨੇ ਆਪਣੇ ਬਾਪੂ ਕੋਲੇ ਤੇ ਬੇਬੇ ਕੋਲੋਂ ਸਾਨੂੰ ਫੋਨ ਕਰਵਾਇਆ ਤੇ ਅੱਜ ਅਸੀ ਉਸ ਕੁੜੀ ਦੇ ਵਿਆਹ ਤੇ ਆਏ ਸੀ ਜਿਸ ਨੂੰ ਅਸੀ ਕਦੇ ਵੇਖਿਆ ਨਹੀਂ ਸੀ। ਬਸ ਉਸਦਾ ਕਲਪਨਾਤਮਕ ਚੇਹਰਾ ਤੇ ਅਕਸ ਮੇਰੇ ਦਿਮਾਗ ਵਿੱਚ ਸੀ। ਉਸਦੇ ਜੋਰ ਪਾਉਣ ਤੇ ਅਸੀਂ ਦੋਹੇ ਜੀਅ ਉਸ ਦੇ ਵਿਆਹ ਵਿਚ ਇਕ ਪਾਪਾ ਦੋਸਤ ਦੇ ਫਰਜ ਅਦਾ ਕਰਨ ਲਈ ਆਏ ਸੀ।

"ਤੁਸੀ ਹੀ ਸੇਠੀ ਸਾਹਿਬ ਹੋ ? ਤੁਹਾਨੂੰ ਅੰਦਰ ਬੁਲਾਇਆ ਹੈ?' ਅਚਾਨਕ ਇਕ 24_25 ਸਾਲ ਦੇ ਮੁੰਡੇ ਨੇ ਬਾਹਰ ਮੈਨੂੰ ਹਲੂਣਿਆ । ਗੁਰੂਦੁਆਰੇ ਦਾ ਹਾਲ ਖਾਲੀ ਹੋ ਚੁੱਕਿਆ ਸੀ । ਬਾਹਰ ਸਭ ਖਾਣ ਪੀਣ ਵਿੱਚ ਮਸਤ ਸਨ। ਤੇ ਸਾਨੂੰ ਇੱਕ ਕਮਰੇ ਵਿੱਚ ਲੈ ਜਾਇਆ ਗਿਆ। ਜਿਥੇ ਸੂਹੇ ਕਪੜਿਆਂ ਵਿੱਚ ਦੁਲਹਣ ਬਣੀ ਦੀਪ ਤੇ ਉਸ ਦਾ ਜੀਵਨ ਸਾਥੀ ਸਾਡਾ ਇੰਤਜਾਰ ਕਰ ਰਹੇ ਸੀ। ਉਹ ਉਠੀ ਤੇ ਉਸਨੇ ਮੈਨੂੰ ਘੁੱਟਕੇ ਜੱਫੀ ਪਾ ਲਈ । ਤੇ ਉਸ ਚੁਲਬੁਲੀ ਨਾਜੁਕ ਤੇ ਤਿਖੇ ਨੈਣ ਨਕਸ਼ਾ ਵਾਲੀ ਕੁੜੀ ਨੂੰ ਭੁੱਬਾਂ ਮਾਰਕੇ ਰੋਂਦੀ ਵੇਖ ਮੇਰੀਆਂ ਅੱਖਾਂ ਵਿੱਚੋ ਵੀ ਹੰਝੂ ਆ ਗਏ ਮੈ ਉਸ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ । ਉਸ ਨੂੰ ਚੁੱਪ ਕਰਾਇਆ । ਉਹ ਮੇਰੀ ਕਲਪਣਾ ਦੀ ਧੀ ਦੀਪ ਸੀ, ਮੇਰੀ ਕਲਪਣਾ ਨਾਲੋ ਵੀ ਸੁੰਦਰ ਦੀਪ ਸੀ। ਜੋ ਪਤਾ ਨਹੀਂ ਕਿੰਨੇ ਚਿਰਾਂ ਬਾਅਦ ਮੈਂਨੂੰ ਧੀ ਦੇ ਰੂਪ ਵਿੱਚ ਨਸੀਬ ਹੋਈ ਸੀ। ਫਿਰ ਉਹ ਘੁੱਟਕੇ ਆਪਣੀ ਆਂਟੀ ਨੂੰ ਮਿਲੀ ਤੇ ਉਸ ਦੇ ਜੀਵਨ ਸਾਥੀ ਨੋਜਵਾਨ ਨੇ ਉਠਕੇ ਮੇਰੇ ਪੈਰੀ ਹੱਥ ਲਾਏ ਤੇ ਆਸੀਰਵਾਦ ਲਿਆ ।

"ਬੇਟਾ ਮੇਰੀ ਧੀ ਮੈਨੂੰ ਅੱਜ ਹੀ ਮਿਲੀ ਹੈ। ਇਸ ਨੂੰ ਕਦੇ ਦੁੱਖ ਨਾ ਦੇਈ ਸਦਾ ਸੁਖੀ ਰੱਖੀਂ । ਬਸ ਮੈਂ ਜਿਆਦਾ ਕੁਝ ਨਹੀਂ ਕਹਿੰਦਾ । ਬਾਕੀ ਦੀਆਂ ਰਸਮਾਂ ਪੂਰੀਆਂ ਹੋਣ ਤੋਂ ਬਾਅਦ ਅਸੀਂ ਡੋਲੀ ਤੋਰ ਦੇ ਵਾਪਿਸ ਘਰ ਨੂੰ ਚੱਲ ਪਏ । ਮੇਰਾ ਸਰੀਰ ਬੋਝਲ ਹੋਇਆ ਪਿਆ ਸੀ। ਪਰ ਇਕ ਪਾਸੇ ਉਹ ਸੁਰਖਰੂ ਜਿਹਾ ਵੀ ਲਗਦਾ ਸੀ । ਕਿਉਂਕਿ ਮੈਂ ਇਕ ਧੀ ਨੂੰ ਤੋਰ ਕੇ ਆਇਆ ਸੀ। ਪਰ ਪਤਾ ਨਹੀਂ ਕਿਉਂ ਉਸ ਦੇ ਅਸਲੀ ਘਰ ਦੇ ਭਵਿੱਖ ਨੂੰ ਲੈ ਕੇ ਮਨ ਚਿੰਤਿਤ ਵੀ ਸੀ ।



**ਰਮੇਸ਼ ਸੇਠੀ ਬਾਦਲ ।**
**98 766 27233.**

# ਸੁਪਨਿਆਂ ਦਾ ਜਨਮ

ਹਰ ਇੱਕ ਪਾਰਟੀ ਦੀ ਹਾਈ ਕਮਾਂਡ ਸੂਬੇ ਦੀ ਪਾਰਟੀ ਅਤੇ ਆਪਣੀ ਸਰਕਾਰ 'ਤੇ ਪੂਰਾ ਦਬਾਅ ਬਣਾ ਕੇ ਰਖਦੀ ਹੈ । ਪਹਿਲਾਂ ਪਹਿਲ ਇਹ ਕੁੱਝ ਘੱਟ ਹੁੰਦਾ ਸੀ , ਹੁਣ ਦਿਨ ਪ੍ਰਤੀ ਦਿਨ ਵਧਦਾ ਹੀ ਜਾ ਰਿਹਾ ਹੈ । ਜਿਹੜਾ ਇਸ ਦਬਾਅ ਦੀ ਪ੍ਰਵਾਹ ਨਹੀਂ ਕਰਦਾ ਉਸ ਹੇਠੋਂ ਅਹੁਦਾ ਰੂਪੀ ਕੁਰਸੀ ਖਿੱਚ ਲਈ ਜਾਂਦੀ ਹੈ ।

ਪਿਛਲੇ ਦਿਨੀਂ ਸਾਡੇ ਸੂਬੇ ਵਿੱਚ ਵੀ ਕੁੱਝ ਅਜਿਹਾ ਹੀ ਵੇਖਣ ਨੂੰ ਮਿਲ ਰਿਹਾ ਸੀ ਅਤੇ ਹੈ । ਭਾਵੇਂ ਧੂੰਆਂ ਅੱਗ ਲੱਗੀ ਤੋਂ ਬਿਨਾਂ ਨਹੀਂ ਨਿੱਕਲਦਾ ਪ੍ਰੰਤੂ ਉਸ ਅੱਗ ਨੂੰ ਭਾਂਬੜ ਤੱਕ ਪਹੁੰਚਾਉਂਣ ਵਾਲਿਆਂ ਦੀ ਵੀ ਕੋਈ ਕਮੀ ਨਹੀਂ ਅਤੇ ਰਹਿੰਦੀ ਖੂੰਹਦੀ ਕਸਰ ਕੁੱਝ ਆਪੇ ਬਣੇ ਪੱਤਰਕਾਰ ਕੱਢੀਂ ਜਾ ਰਹੇ ਹਨ । ਕੱਲ੍ਹ ਸ਼ਾਮ ਤੱਕ ਕੁੱਝ ਇੱਕ ਨੇ ਤਾਂ ਗੱਲ ਏਥੋਂ ਤੱਕ ਪਹੁੰਚਾ ਦਿੱਤੀ ਕਿ ਦੋ ਸੀਨੀਅਰ ਮੰਤਰੀਆਂ ਦੀ ਸਕਿਉਰਟੀ ਵਧਾ ਦਿੱਤੀ ਗਈ ਹੈ , ਜਾਣੀ ਕਿ ਕੁੱਝ ਕਿਹਾ ਵੀ ਨਹੀਂ ਅਤੇ ਸਭ ਕੁੱਝ ਕਹਿ ਵੀ ਦਿੱਤਾ ।

ਏਹੋ ਉਧੇੜ ਬੁਣ ਸੁਣਦਿਆਂ ਰੁਲਦੂ ਦੀ ਕਦੋਂ ਅੱਖ ਲੱਗ ਗਈ ਉਸ ਨੂੰ ਖ਼ੁਦ ਨੂੰ ਵੀ ਕੋਈ ਪਤਾ ਨਾ ਲੱਗਾ । ਸਵੇਰੇ ਅੰਮ੍ਰਿਤ ਵੇਲ਼ੇ




ਏਸੇ ਵਿਸ਼ੇ ਬਾਰੇ ਉਸ ਨੂੰ ਇੱਕ ਸੁਪਨਾ ਆਇਆ । ਕਿ ਆਪਣਾ ਮੁੱਖ ਮੰਤਰੀ ਬਦਲ ਦਿੱਤਾ ਹੈ । ਉਸ ਨੇ ਸੁਪਨੇ ਵਿੱਚ ਹੀ ਸਾਬਕਾ ਬਣ ਚੁੱਕੇ ਮੁੱਖ ਮੰਤਰੀ ਨੂੰ ਅਫ਼ਸੋਸ ਅਤੇ ਹਮਦਰਦੀ ਦਾ ਮੈਸੇਜ ਭੇਜ ਕੇ ਅਜੇ ਨਵੇਂ ਨੂੰ ਵਧਾਈ ਸੰਦੇਸ਼ ਭੇਜਣ ਹੀ ਲੱਗਾ ਸੀ ਕਿ ਗੁਰੂ ਘਰ ਦੇ ਸਪੀਕਰ ਨੇ ਉਸ ਦਾ ਸੁਪਨਾ ਭੰਗ ਕਰ ਦਿੱਤਾ ।

ਉਸ ਨੇ ਉੱਭੜਵਾਹੇ ਉੱਠ ਕੇ ਆਸੇ ਪਾਸੇ ਵੇਖਿਆ ਅਤੇ ਟੈਲੀਵਿਜ਼ਨ ਲਗਾ ਲਿਆ । ਖ਼ਬਰ ਚੱਲ ਰਹੀ ਸੀ ਕਿ " ਮੁੱਖ ਮੰਤਰੀ ਦੀ ਸਿਹਤ ਵਿੱਚ ਸੁਧਾਰ " । ਰੁਲ਼ਦੂ ਨੇ ਝੱਟ ਟੀ.ਵੀ ਬੰਦ ਕੀਤਾ ਅਤੇ ਕਲਮ ਚੁੱਕ ਲਈ ।

ਰੁਲ਼ਦੂ ਨੂੰ ਰਾਤੀਂ ਸੁਪਨਾ ਆਇਆ ,
ਕਿ ਮੁੱਖ ਮੰਤਰੀ ਬਦਲ ਗਿਆ ।
ਕਹਿੰਦੇ ਤੂੰ ਤਾਂ ਕਰ ਲਈ ਵਥੇਰੀ ,
ਹੁਣ ਬਹਿ ਕੇ ਰੱਬ ਦਾ ਨਾਮ ਧਿਆ ।
ਪਿਛਲੇ ਨੂੰ ਅਫ਼ਸੋਸ ਭੇਜ ਅਜੇ ,
ਨਵੇਂ ਨੂੰ ਵਧਾਈ ਭੇਜਣੀ ਹੀ ਸੀ ;
ਗੁਰੂ ਘਰ ਦੇ ਪਾਠੀ ਬੋਲਣ ਨਾ਼ਲ ,
ਰੁ਼ਲਦੂ ਬਾਬਾ ਸੀ ਜਾਗ ਪਿਆ ।



**ਮੂਲ ਚੰਦ ਸ਼ਰਮਾ ਪ੍ਰਧਾਨ**
**ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ ।**
**9914836037**

# ਰੱਬ ਦੀ ਹੋਂਦ ਤੋਂ ਮੁਨਕਰ

ਰੱਬ ਦੀ ਹੋਂਦ ਉੱਤੇ, ਤੀਹ ਕੁ ਸਾਲ ਪਹਿਲਾਂ, ਇੰਦੌਰ ਵਿਖੇ, ਸਰਬ ਧਰਮ ਸੰਮੇਲਨ ਵਿੱਚ, ਇੱਕ ਨਾਸਤਿਕ ਪ੍ਰੋਫੈਸਰ ਸਾਲੂੰਕੇ ਅਤੇ ਸਾਰੇ ਧਰਮਾਂ ਦੇ ਵਿਦਵਾਨ, ਇਸਾਈ ਮੱਤ, ਯਹੂਦੀ ਮੱਤ, ਬੁੱਧ ਮੱਤ, ਮੁਸਲਿਮ ਸ਼ੀਆ ਅਤੇ ਸੁੰਨੀ ਮੱਤ, ਹਿੰਦੂ ਮੱਤ ਤੇ ਜੈਨ ਮੱਤ, ਸਿੱਖ ਮੱਤ ਦੇ ਸੰਤ ਸਿੰਘ ਮਸਕੀਨ ਜੀ ਦੀ ਚਰਚਾ ਹੋਈ। ਸਾਲੂੰਕੇ ਨੇ ਇੱਕ ਇੱਕ ਕਰਕੇ ਸਾਰੇ ਵਿਦਵਾਨਾਂ ਨੂੰ ਲਾਜਵਾਬ ਕਰ ਦਿੱਤਾ। ਕੋਈ ਉਸਦੀ ਤਸੱਲੀ ਨਾ ਕਰਵਾ ਸਕਿਆ। ਇਹ ਸਾਰੀ ਲੀਲਾ ਦੇਖ ਕੇ ਸੰਤ ਸਿੰਘ ਮਸਕੀਨ ਜੀ ਅੰਦਰੋਂ ਅੰਦਰੀ ਡਰ ਰਹੇ ਸਨ,ਕਿ ਇਹ ਮੇਰੀ ਵੀ ਗੱਲ ਸੁਣੇਗਾ ਵੀ ਜਾਂ ਨਹੀਂ।

ਸੰਤ ਸਿੰਘ ਮਸਕੀਨ ਜੀ ਨੇ ਬਾਣੀ ਦਾ ਹਵਾਲਾ ਦਿੰਦੇ ਹੋਏ, ਗੁਰੂ ਨਾਨਕ ਸਾਹਿਬ ਦੁਆਰਾ ਦਿੱਤੇ ਦ੍ਰਿਸ਼ਟਾਂਤਾਂ ਨਾਲ, ਰੱਬ ਦੀ ਹੋਂਦ ਬਾਰੇ ਦੱਸਿਆ। ਸਾਲੂੰਕੇ ਫਿਰ ਵੀ ਨਹੀਂ ਮੰਨਿਆ, ਕਹਿੰਦਾ ਜਿਹੜੀ ਚੀਜ਼ ਦਿਸਦੀ ਹੀ ਨਹੀਂ, ਉਸ ਨੂੰ ਸਾਇੰਸ ਵੀ ਨਹੀਂ ਮੰਨਦੀ, ਉਹ ਮੌਜੂਦ ਕਿਵੇਂ ਹੋ ਸਕਦੀ ਹੈ। ਇਸ ਦੇ ਉੱਤਰ ਵਿੱਚ ਸੰਤ ਸਿੰਘ ਮਸਕੀਨ ਜੀ ਨੇ ਤਰਕ ਦਿੱਤਾ ਕਿ ਜਿਵੇਂ ਅਸੀਂ ਹਵਾ ਨੂੰ ਦੇਖ ਨਹੀਂ ਸਕਦੇ ਪਰ ਹਵਾ ਬਿਨਾ ਰਹਿ ਵੀ ਨਹੀਂ ਸਕਦੇ, ਫੁੱਲਾਂ ਦੀ ਖੁਸ਼ਬੂ, ਮਿਰਚਾਂ ਦੀ ਕੁੜੱਤਣ, ਸੁਗੰਧੀ ਅਤੇ ਕੁੜੱਤਣ ਨੂੰ ਦੇਖ ਨਹੀਂ ਸਕਦੇ ਪਰ ਮਹਿਸੂਸ ਤਾਂ ਕਰ ਸਕਦੇ ਹਾਂ। ਸਾਲੂੰਕੇ ਇਸ ਤੇ ਵੀ ਸਹਿਮਤ ਨਾ ਹੋਇਆ ਕਹਿੰਦਾ ਇਹ ਤਾਂ ਤੁਹਾਡੀ ਐਵੇਂ ਤਿਕੜਮਬਾਜ਼ੀ ਹੈ, ਰੱਬ ਦੀ ਹੋਂਦ ਦਾ ਕੋਈ ਹੋਰ ਪ੍ਰਮਾਣ ਦਿਓ !

ਫਿਰ ਸੰਤ ਸਿੰਘ ਮਸਕੀਨ ਜੀ ਨੇ ਸਾਲੂੰਕੇ ਨੂੰ ਪ੍ਰਸ਼ਨ ਕੀਤਾ ਕਿ ਤੁਹਾਡੇ ਪਿਤਾ ਜੀ ਕੌਣ ਸਨ ? ਮੇਰੇ ਪਿਤਾ ਜੀ ਤਾਂ ਇਸ ਦੁਨੀਆਂ ਵਿੱਚ ਨਹੀਂ ਰਹੇ,ਉਨ੍ਹਾਂ ਨੂੰ ਇਸ ਮਾਮਲੇ ਵਿੱਚ ਕਿਉਂ ਘਸੀਟ ਰਹੇ ਹੋ? ਮਸਕੀਨ ਜੀ ਨੇ ਕਿਹਾ, ਤੁਹਾਨੂੰ ਕਿਵੇਂ ਪਤਾ ਹੈ ਕਿ ਉਹ ਤੁਹਾਡੇ ਪਿਤਾ ਜੀ ਸਨ, ਛੋਟੇ ਹੁੰਦਿਆਂ ਤੁਹਾਡੇ ਮਾਤਾ ਜੀ ਨੇ ਹੀ ਦੱਸਿਆ ਹੋਣਾ ਹੈ, ਕਿ ਇਹ ਤੁਹਾਡੇ ਪਿਤਾ ਜੀ ਹਨ। ਮੇਰਾ ਤੁਹਾਡੀ ਬੇਇਜ਼ਤੀ ਕਰਨ ਦਾ ਕੋਈ ਮਕਸਦ ਨਹੀਂ ਹੈ, ਮੈਂ ਸਿਰਫ ਤੁਹਾਨੂੰ ਰੱਬ ਦੀ ਹੋਂਦ ਬਾਰੇ ਹੀ ਪਰਮਾਣਿਤ ਕਰਨਾ ਚਾਹੁੰਦਾ ਹਾਂ। ਵੀਰਜ ਨਾਲ, ਮਾਂ ਦੇ ਗਰਭ ਵਿੱਚ ਪਲ ਰਿਹਾ ਬੱਚਾ, ਮਾਂ ਨੂੰ ਵੀ ਨ੍ਹੀਂ ਪਤਾ ਹੁੰਦਾ, ਕਿ ਪੁੱਤਰ ਹੈ ਜਾਂ ਪੁੱਤਰੀ। ਬੱਚਾ ਹੋਣਾ ਵੀ ਹੈ ਜਾਂ ਨਹੀਂ ਹੋਣਾ। ਕਈ ਵਾਰ ਤਾਂ ਅਸਲੀ ਪਿਤਾ ਵੀ ਕੋਈ ਹੋਰ ਹੀ ਹੁੰਦਾ ਹੈ, ਕਿਉਂਕਿ ਹੋ ਸਕਦਾ ਹੈ, ਮਾਂ ਪਹਿਲਾਂ ਕਿਸੇ ਹੋਰ ਨਾਲ ਵੀ ਰਹੀ ਹੋਵੇ। ਉਸ ਅਦਿੱਖ ਸ਼ਕਤੀ ਦੇ ਹੁਕਮ ਬਗੈਰ ਤਾਂ ਪੱਤਾ ਵੀ ਨ੍ਹੀਂ ਹਿਲ ਸਕਦਾ। ਇਸ ਵਾਰਤਾ ਵਿੱਚ ਸਾਲੂੰਕੇ ਨੂੰ ਵੀ ਗੋਡੇ ਟੇਕਣੇ ਪਏ



ਸੰਤ ਸਿੰਘ ਮਸਕੀਨ ਜੀ ਬੀਹਵੀਂ ਸਦੀ ਦੇ ਮਹਾਨ ਵਿਦਵਾਨ ਹੋਏ ਹਨ। ਉਨ੍ਹਾਂ ਦਾ ਜਨਮ 1 ਜਨਵਰੀ 1934 ਨੂੰ ਮਰਵਾਤ ਬੰਨੂ, (ਪਾਕਿ-ਸਤਾਨ) ਵਿੱਚ ਹੋਇਆ। ਆਪ ਦੀ ਕਰਮ ਭੂਮੀ ਰਾਜਸਥਾਨ ਰਹੀ। 18 ਫਰਵਰੀ 2005 ਵਿੱਚ 71 ਸਾਲ ਦੀ ਉਮਰੇ, ਇਟਾਵਾ (ਯੂਪੀ) ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਮੱਥਾ ਟੇਕਦਿਆਂ ਹੀ ਪ੍ਰਾਣ ਤਿਆਗ ਦਿੱਤੇ।



**ਅਮਰਜੀਤ ਸਿੰਘ ਤੂਰ ਪਿੰਡ**
**ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ # 639/40ਏ ਚੰਡੀਗੜ੍ਹ।**
**ਫੋਨ ਨੰਬਰ : 9878469639**



Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

## ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**